# 4

# ਖ਼ੁਦਾ ਦੀਆਂ ਭੂਮਿਕਾਵਾਂ ਦਰਸਾਉਂਦੇ ਨਾਂਅ

ਆਪਣੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੀ ਭੂਮਿਕਾ ਦੇ ਕਾਰਨ, ਪੁਰਾਣੇ ਨੇਮ ਵਿਚ ਉਸਦੇ ਲਈ ਕਈ ਉਪ ਨਾਂਅ ਦਿੱਤੇ ਗਏ ਹਨ। ਇਸ ਪਾਠ ਵਿਚ ਅਸੀਂ ਉਨ੍ਹਾਂ ਨਾਂਵਾਂ ਵਿੱਚੋਂ ਕੁਝ ਨੂੰ ਜਾਣਾਂਗੇ ਅਤੇ ਸਮਝਾਂਗੇ ਕਿ ਸਾਨੂੰ ਖ਼ੁਦਾ ਨੂੰ ਕਿਵੇਂ ਵੇਖਣਾ ਚਾਹੀਦਾ ਹੈ।

## ''ਨਿਆਂਈ''

ਉਤਪਤ 18:25 ਵਿਚ ਅਬਰਾਹਾਮ ਨੇ ਆਪਣਾ ਪੱਖ ਰੱਖਦਿਆਂ ਖ਼ੁਦਾ ਨੂੰ ਸੋਫ਼ੇਟ ਅਰਥਾਤ ''ਨਿਆਂਈ'' ਆਖ ਕੇ ਬੁਲਾਇਆ ਸੀ। ਅਬਰਾਹਾਮ ਨੂੰ ਅਹਿਸਾਸ ਹੋਇਆ ਕਿ ਸਦੂਮ ਅਤੇ ਅਮੋਰਾ ਵਿਚ ਉੱਥੋਂ ਦੇ ਦੁਸ਼ਟ ਲੋਕਾਂ ਵਾਂਗ ਕਿਸੇ ਧਰਮੀ ਦਾ ਨਾਸ ਨਹੀਂ ਹੋਣਾ ਚਾਹੀਦਾ। ਉਸਨੇ ਖ਼ੁਦਾ ਨੂੰ ਇਸੇ ਆਧਾਰ 'ਤੇ ਰਹਿਮ ਦੀ ਅਪੀਲ ਕੀਤੀ ਕਿ *ਸ਼ੋਫੇਟ* ਭਾਵ ''ਨਿਆਂਈ'' ਸਾਰੀ ਧਰਤੀ ਦਾ ਸਹੀ ਨਿਆਂ ਕਰੇਗਾ।

ਇਸ ਖ਼ਾਸ ਘਟਨਾ ਵਿਚ ਜੋ ਗੱਲ ਇਕ ਧਰਮੀ ਪੁਰਖ ਨੂੰ ਠੀਕ ਲੱਗੀ ਸੀ, ਉਹੀ ਖ਼ੁਦਾ ਦੀਆਂ ਨਜ਼ਰਾਂ ਵਿਚ ਸਹੀ ਸੀ। ਪਰ ਕਈ ਵਾਰ ਲੋਕ ਉਨ੍ਹਾਂ ਗੱਲਾਂ ਲਈ ਜੋ ਉਨ੍ਹਾਂ ਨੂੰ ਨਿਆਂ ਰਹਿਤ ਲਗਦੀਆਂ ਹਨ, ਖ਼ੁਦਾ ਨੂੰ ਦੋਸ਼ੀ ਮੰਨ ਲੈਂਦੇ ਹਨ। ਖ਼ੁਦਾ ਲਈ ਅਨਿਆਂ ਕਰਨ ਵਾਲਾ ਹੋਣਾ ਅਸੰਭਵ ਹੈ, ਕਿਉਂਕਿ ਧਰਮੀ ਸਿਰਫ਼ ਖ਼ੁਦਾ ਹੈ। ਉਸਦੀਆਂ ''ਅੱਖਾਂ ਬਦੀ ਦੇ ਵੇਖਣ ਨਾਲੋਂ ਸ਼ੁੱਧ ਹਨ, ਜੋ ਅਨ੍ਹੇਰ ਉੱਤੇ ਨਿਗਾਹ ਨਹੀਂ ਰੱਖ ਸਕਦਾ'' (ਹਬੱਕੂਕ 1:13)। ''ਉਹ ਸਚਿਆਈ ਦਾ ਖ਼ੁਦਾ ਹੈ, ਉਸ ਵਿਚ ਬੁਰਾਈ ਨਹੀਂ ਹੈ, ਉਹ ਧਰਮੀ ਅਤੇ ਸਚਿਆਰ ਹੈ'' (ਵਿਵਸਥਾਸਾਰ 32:4); ''ਧਰਮ ਅਤੇ ਨਿਆਉਂ ਤੇਰੀ ਰਾਜ ਦੀ ਗੱਦੀ ਦੀ ਨੀਂਹ ਹਨ'' (ਜ਼ਬੂਰ 89:14)।

ਖ਼ੁਦਾ ਦੇ ਐਨੇ ਸਾਰੇ ਨੇਮ ਸਹੀ ਹੋਣ ਦੇ ਇਜ਼ਹਾਰ (ਲੇਵੀਆਂ 19:18; ਵਿਵਸਥਾਸਾਰ 4:8; 23:24, 25; 24:10-22) ਤੋਂ ਸਾਨੂੰ ਯਕੀਨ ਹੋ ਜਾਣਾ ਚਾਹੀਦਾ ਹੈ ਕਿ ਉਹ ਜੋ ਵੀ ਹੈ ਫ਼ੈਸਲਾ ਕਰਦਾ ਹੈ, ਉਸਦਾ ਜ਼ਰੂਰ ਕੋਈ ਨਾ ਕੋਈ ਕਾਰਣ ਹੁੰਦਾ ਹੈ। ਅਸੀਂ ਭਰੋਸਾ ਰੱਖ ਸਕਦੇ ਹਾਂ ਕਿ ਉਸ ਨੇ ਸਾਊਲ ਦੇ ਸੱਤ ਪੁੱਤਰਾਂ ਨੂੰ ਬਚਾਉਣ ਦੇ ਲਈ (2 ਸਮੂਏਲ 21:3, 5, 6), ਹਮਾਨ ਦੀ ਨਸਲ ਅਰਥਾਤ ਅਮੋਨੀਆਂ ਅਤੇ ਮੋਆਬੀਆਂ ਨੂੰ ਕੱਢਣ ਲਈ (ਵਿਵਸਥਾਸਾਰ 23:2-6) ਬੀਮਾਰੀ ਅਤੇ ਤੂਫ਼ਾਨ ਨਾਲ ਗ਼ੈਰਕੌਮਾਂ ਦੇ ਬੱਚਿਆਂ ਦਾ ਨਾਸ ਕਰਕੇ ਸਹੀ ਕੀਤਾ ਸੀ (1 ਸਮੂਏਲ 15)। ਇਨਸਾਨੀ ਤਰਕ ਖ਼ੁਦਾ ਦੇ ਮਨ ਦੀਆਂ ਗੱਲਾਂ ਨੂੰ ਸਮਝਣ ਲਈ ਨਾਕਾਫ਼ੀ ਹੁੰਦਾ ਹੈ; ਅਬਰਾਹਾਮ ਵਰਗਾ ਵਿਸ਼ਵਾਸ ਰੱਖਣ ਲਈ, ਕਈ ਵਾਰ ਇੱਕੋ-ਇਕ ਵਿਹਾਰਕ ਹੱਲ ਹੁੰਦਾ ਹੈ ਕਿ ਸੋਫ਼ੇਟ ਭਾਵ ਸਾਰੀ ਧਰਤੀ ਦਾ ਨਿਆਈਂ ਸਹੀ ਹੀ ਕਰੇਗਾ।

ਖ਼ੁਦਾ ਦਾ ਸੁਭਾਅ ਸਾਨੂੰ ਤਸੱਲੀ ਦਿੰਦਾ ਹੈ ਕਿ ਉਹ ਹਰ ਥਾਂ ਬੇਇਨਸਾਫ਼ੀ ਦਾ ਖਾਤਮਾ ਕਰ ਦੇਵੇਗਾ।

ਆਮ ਤੌਰ ਤੇ ਆਪਣੀ ਅਥਾਹ ਬੁੱਧ ਨਾਲ ਕਈ ਵਾਰ ਉਹ ਇਸ ਜ਼ਿੰਦਗੀ ਵਿਚ ਸੁਧਾਰ ਨਹੀਂ ਕਰਦਾ, ਹਾਬਲ ਅਤੇ ਨਾਬੋਤ ਇਸ ਦੇ ਸਬੂਤ ਹਨ (ਵੇਖੋ ਉਤਪਤ 4:8; 1 ਰਾਜਿਆਂ 21:1-16)। ਕਈ ਵਾਰ ਸੁਧਾਰ ਦੀ ਉਡੀਕ ਅਗਲੀ ਦੁਨੀਆਂ ਤਕ ਕੀਤੀ ਜਾਂਦੀ ਹੈ; ਜਿਵੇਂ ਅਮੀਰ ਆਦਮੀ ਅਤੇ ਲਾਜ਼ਰ ਗਵਾਹੀ ਦਿੰਦੇ ਹਨ। ਪਰ, ਕਈ ਵਾਰ ਖ਼ੁਦਾ ਸਭ ਗੱਲਾਂ ਦਾ ਸੁਧਾਰ ਕਰ ਦਿੰਦਾ ਹੈ। ਇਸ ਕਰਕੇ ਉਪਦੇਸ਼ਕ ਦੀ ਪੋਥੀ 5:8 ਨੂੰ ਯਾਦ ਰੱਖੋ: ''ਜੇਕਰ ਤੂੰ ਕਿਸੇ ਸੂਬੇ ਵਿਚ ਗਰੀਬਾਂ ਉੱਤੇ ਅਨ੍ਹੇਰ ਅਤੇ ਨਿਆਉਂ ਅਤੇ ਸਚਿਆਈ ਦਾ ਡਾਢਾ ਵਿਗਾੜ ਵੇਖੇਂ ਤਾਂ ਉਸ ਗੱਲ ਉੱਤੇ ਅਚਰਜ ਨਾ ਹੋ ਕਿਉਂਕਿ ਉਹ ਵੱਡਿਆਂ ਨਾਲੋਂ ਵੱਡਾ ਹੈ ਤੱਕਦਾ ਹੈ ਅਤੇ ਉਨ੍ਹਾਂ ਉੱਤੇ ਵੀ ਮਹਾਨ ਹੈ।''

## ''ਅੱਯਾਲੀ''

ਉਤਪਤ 49:24 ਵਿਚ ਖ਼ੁਦਾ ਦੀ ਪਰਿਭਾਸ਼ਾ ਫੇਰ ਉਮੀਦ ਦਵਾਉਣ ਲਈ ਖ਼ਾਸ *ਰੋਏਹ* ਯਾਨੀ ''ਚਰਵਾਹਾ'' ਹੈ। ਯਾਕੂਬ ਨੇ ਇਹ ਭਰੋਸਾ ਦਿੰਦਿਆਂ ਕਿ ਖ਼ੁਦਾ ਰੋਏਹ ਅਰਥਾਤ ਚਰਵਾਹਾ ਉਸਨੂੰ ਸੰਭਾਲੇਗਾ, ਯੂਸਫ਼ ਦੇ ਮਨ ਵਿਚ ਸਕੂਨ ਦੇਣ ਵਾਲਾ ਇਕ ਵਿਚਾਰ ਪਾ ਦਿੱਤਾ ਸੀ। ਦਾਊਦ ਨੇ ਵੀ ਯਹੋਵਾਹ *ਰੋਏਹ ਯਿਸਰਾਏਲ* ਅਰਥਾਤ ਇਸਰਾਏਲ ਦੇ ਅੱਯਾਲੀ ਦੇ ਰੂਪ ਵਿਚ ਵੇਖਿਆ ਜਿਸਨੇ ''ਯੂਸਫ਼ ਦੀ ਅਗਵਾਈ ਭੇਡਾਂ ਦੀ ਤਰ੍ਹਾਂ ਕੀਤੀ'' (ਜ਼ਬੂਰ 80:1)। ਉਸ ਨੇ ਖ਼ੁਦਾ ਦੇ ਸਭ ਲੋਕਾਂ ਨੂੰ ''ਉਸਦੀ ਚਰਾਗਾਹ ਦੀਆਂ ਭੇਡਾਂ'' ਦੇ ਰੂਪ ਵਿਚ ਵੇਖਿਆ (ਜ਼ਬੂਰ 100:3) ਅਤੇ ਆਪਣੇ ਆਪ ਨੂੰ ਉਸ ਭੇਡ ਦੇ ਰੂਪ ਵਿਚ ਜੋ ਆਪਣੇ ਆਪ ਨੂੰ ਰੋਏਹ ਯਾਨੀ ਆਪਣੇ ਚਰਵਾਹੇ ਵਿਚ ਨਿੱਜੀ ਦਿਲਚਸਪੀ ਰੱਖਦੀ ਸੀ (ਜ਼ਬੂਰ 23)।

ਹਿਜ਼ਕੀਏਲ ਦੇ ਕਾਲ ਵਿਚ ਨਬੀ ਯਾਜਕ ਅਤੇ ਰਾਜਾ, ਜਿਨ੍ਹਾਂ ਨੂੰ ਖ਼ੁਦਾ ਦੀ ਨੁਮਾਇੰਦਗੀ ਕਰਦਿਆਂ ਅੱਯਾਲੀ ਠਹਿਰਾਇਆ ਗਿਆ ਸੀ, ਭਰੋਸੇਯੋਗ ਨਹੀਂ ਰਹੇ ਸਨ। ''ਇਸਰਾਏਲੀ ਅਜਾੜੀਆਂ ਤੇ ਅਫ਼ਸੋਸ! ਜਿਹੜੇ ਆਪਣੇ ਆਪ ਨੂੰ ਪਾਲਦੇ ਹਨ-ਕੀ ਆਜੜੀਆਂ ਨੂੰ ਨਹੀਂ ਚਾਹੀਦਾ ਕਿ ਭੇਡਾਂ ਨੂੰ ਚਾਰਨ?'' (ਹਿਜ਼ਕੀਏਲ 34:2)। ਆਜੜੀ ਵੱਲੋਂ ਸਹੀ ਚਰਵਾਹੀ ਨਾ ਕੀਤੇ ਜਾਣ ਕਰਕੇ ਇੱਜੜ ''ਖਿੰਡ ਪੁੰਡ'' ਗਿਆ ਸੀ ਅਤੇ ''ਕਿਸੇ ਨੇ ਉਨ੍ਹਾਂ ਨੂੰ ਨਾ ਲੱਭਿਆ ਨਾ ਉਨ੍ਹਾਂ ਦੀ ਭਾਲ ਕੀਤੀ'' (ਹਿਜ਼ਕੀਏਲ 34:6)। ਫਿਰ ਮਹਾਨ *ਰੋਏਹ* ਭਾਵ ਸੁਰਗੀ ਅੱਯਾਲੀ ਨੇ ਠਾਣ ਲਿਆ, ''ਵੇਖ ਮੈਂ ਆਪ ਆਪਣੀਆਂ ਭੇਡਾਂ ਦੀ ਭਾਲ ਕਰਾਂਗਾ ਅਤੇ ਉਨ੍ਹਾਂ ਨੂੰ ਲੱਭ ਲਵਾਂਗਾ'' (ਹਿਜ਼ਕੀਏਲ 34:11)।

ਖ਼ੁਦਾ ਨੇ ਆਪਣੇ ਵਾਅਦੇ ਨੂੰ ਕਿਵੇਂ ਪੂਰਾ ਕੀਤਾ ਇਸਦਾ ਦਾਊਦ ਦੀ ਸੰਤਾਨ ਯਿਸੂ ਮਸੀਹ ਵਿਚ ਪਤਾ ਲਗਦਾ ਹੈ। ਖ਼ੁਦਾ ਨੇ ਆਖਿਆ, ''ਅਤੇ ਮੈਂ ਉਨ੍ਹਾਂ ਲਈ ਇਕ ਅੱਯਾਲੀ ਕਾਇਮ ਕਰਾਂਗਾ ਅਤੇ ਉਹ ਉਨ੍ਹਾਂ ਨੂੰ ਚਾਰੇਗਾ ਅਰਥਾਤ ਮੇਰਾ ਦਾਸ ਦਾਊਦ, ਉਹ ਹੀ ਉਨ੍ਹਾਂ ਨੂੰ ਚਾਰੇਗਾ ਅਤੇ ਉਹ ਹੀ ਉਨ੍ਹਾਂ ਦਾ ਅੱਯਾਲੀ ਹੋਵੇਗਾ'' (ਹਿਜ਼ਕੀਏਲ 34:23)। ਨਬੂਵਤ ਵਾਲੇ ''ਦਾਊਦ'' ਭਾਵ ਯਿਸੂ ਨੇ ਖ਼ੁਦਾ ਦੇ ਪਿਛਲੇ ਆਜੜੀਆਂ ਵਾਂਗ ਭਾੜੇ ਦਾ ਆਜੜੀ ਨਹੀਂ ਅਖਵਾਉਣਾ ਸੀ। ਚੰਗੇ ਅੱਯਾਲੀ ਵਾਂਗ ਉਸਨੇ ਭੇਡਾਂ ਲਈ ਜਾਨ ਵੀ ਦੇਣੀ ਸੀ (ਯੂਹੰਨਾ 10:11)। ਉਹ ਮਾਰਿਆ ਗਿਆ ਸੀ (ਜ਼ਕਰਯਾਹ 13:7; ਮੱਤੀ 26:31), ਪਰ ਖ਼ੁਦਾ ''ਭੇਡਾਂ ਦੇ ਵੱਡੇ ਅੱਯਾਲੀ ਅਰਥਾਤ ਸਾਡੇ ਪ੍ਰਭੂ ਯਿਸੂ ਨੂੰ ਸਦੀਪਕ ਪ੍ਰੇਮ ਦੇ ਲਹੂ ਨਾਲ ਮੁਰਦਿਆਂ ਵਿੱਚੋਂ ਉਠਾ ਲਿਆਇਆ'' (ਇਬਰਾਨੀਆਂ 13:20)। ਉਸ ਨੇਮ ਦੇ ਰਾਹੀਂ ਭਾਵੇਂ ਅਸੀਂ, ''ਭੇਡਾਂ ਵਾਂਗ ਇਧਰ-ਓਧਰ ਭਟਕ ਰਹੇ ਸਾਂ,'' ਪਰ ਹੁਣ ''ਆਪਣੀਆਂ ਜਾਨਾਂ ਦੇ ਅੱਯਾਲੀ ਅਤੇ ਨਿਗਾਹਬਾਨ ਦੇ ਕੋਲ ਮੁੜ ਆਏ ਹਾਂ'' (1 ਪਤਰਸ 2:25)। ਯਹੂਦੀ ਹੋਈਏ ਜਾਂ ਗ਼ੈਰਕੌਮ ਉਹ ਮਹਾਨ ਅੱਯਾਲੀ ਆਪਣੇ ਕੋਲ ਆਉਣ ਵਾਲੇ ਲੋਕਾਂ ਨੂੰ ਬੜੇ ਹੀ ਪਿਆਰ ਨਾਲ ਸੰਭਾਲਦਾ ਹੈ, ਜਿਸਦਾ ਨਤੀਜਾ ਹੁੰਦਾ ਹੈ ਕਿ ਇੱਕੋ ਇੱਜੜ ਅਤੇ ਇੱਕੋ ਅੱਯਾਲੀ ਬਣ ਜਾਂਦਾ ਹੈ (ਯੂਹੰਨਾ 10:16)।

ਜਿਵੇਂ ਪੁਰਾਣੇ ਨੇਮ ਵਿਚ ਖ਼ੁਦਾ ਨੇ ਆਦਮੀਆਂ ਨੂੰ ਆਪਣੇ ਨੁਮਾਇੰਦੇ ਬਣਾ ਕੇ ਮਤਹਿਤ ਆਜੜੀਆਂ ਦੇ ਰੂਪ ਵਿਚ ਚੁਣਿਆ ਸੀ: ਓਸੇ ਤਰ੍ਹਾਂ ਅੱਜ ਕਲੀਸੀਆਵਾਂ ਦੇ ਬਜ਼ੁਰਗਾਂ ਨੂੰ ਅੱਯਾਲੀ ਕਿਹਾ ਜਾਂਦਾ ਹੈ (1 ਪਤਰਸ 5:1, 2)। ਐਲਡਰਾਂ ਨੂੰ ਖ਼ੁਦਾ ਦੇ ਇੱਜੜ ਦੀ ਰਖਵਾਲੀ ਕਰਨ ਦਾ ਕੰਮ ਦਿੱਤਾ ਜਾਂਦਾ ਹੈ (ਰਸੂਲਾਂ ਦੇ ਕੰਮ 20:28; 1 ਪਤਰਸ 5:1-4)। ਜਿਵੇਂ ਪੁਰਾਣੇ ਨੇਮ ਵਿਚ ਆਜੜੀਆਂ ਨੂੰ ਮਹਾਨ ਰੋਏਹ ਨੂੰ ਹਿਸਾਬ ਦੇਣਾ ਪੈਂਦਾ ਸੀ, ਉਵੇਂ ਹੀ ਪ੍ਰਭੂ ਦੀਆਂ ਭੇਡਾਂ ਦੇ ਪਾਸਬਾਨ ਪ੍ਰਧਾਨ ਅੱਯਾਲੀ ਨੂੰ ਹਿਸਾਬ ਦੇਣਗੇ (1 ਪਤਰਸ 5:4)।

ਇਕ ਦਿਨ ਪ੍ਰਧਾਨ ਅੱਯਾਲੀ ਖ਼ੁਦ ਪਰਗਟ ਹੋਵੇਗਾ:

ਵੇਖੋ ਪ੍ਰਭੂ ਯਹੋਵਾਹ ਤਕੜਾਈ ਨਾਲ ਆ ਰਿਹਾ ਹੈ,
ਉਹਦੀ ਭੁਜਾ ਉਹਦੇ ਲਈ ਰਾਜ ਕਰਦੀ ਹੈ,
ਵੇਖੋ, ਉਹਦਾ ਅਜਰ ਉਹਦੇ ਨਾਲ ਹੈ,
ਅਤੇ, ਉਹਦਾ ਵਟਾਂਦਰਾ ਉਹਦੇ ਸਨਮੁਖ ਹੈ।
ਉਹ ਅੱਯਾਲੀ ਵਾਂਗੂੰ ਆਪਣੇ ਇੱਜੜ ਨੂੰ ਚਰਾਵੇਗਾ,
ਉਹ ਆਪਣੀਆਂ ਬਾਹਾਂ ਨਾਲ ਲੇਲਿਆਂ ਨੂੰ ਸੰਭਾਲੇਗਾ,
ਅਤੇ ਆਪਣੀ ਛਾਤੀ ਉੱਤੇ ਉਨ੍ਹਾਂ ਨੂੰ ਦੇ ਲਈ ਫਿਰੇਗਾ,
ਅਤੇ ਦੁੱਧ ਚੁੰਘਣ ਵਾਲੀਆਂ ਨੂੰ ਹੌਲੀ-ਹੌਲੀ ਤੋਰੇਗਾ (ਯਸਾਯਾਹ 40:10, 11)।

## ''ਰਾਜਾ''

ਯਸਾਯਾਹ ਨੇ ਪ੍ਰਭੂ ਨੂੰ *ਮੇਲੇਕ* ਭਾਵ ''ਰਾਜਾ'' ਦੇ ਰੂਪ ਵਿਚ ਉੱਚੇ ਤੇ ਵਡਿਆਈ ਪਾਏ ਹੋਏ, ਉਸਦੇ ਕਾਰਵਾਂ ਨੂੰ ਉਸਦੀ ਵਡਿਆਈ ਨਾਲ ਭਰੇ ਹੋਏ ਹੈਕਲ ਵਿਚ ਤਖ਼ਤ 'ਤੇ ਬੈਠੇ ਵੇਖਿਆ ਸੀ। ''ਯਹੋਵਾਹ ਯੁੱਗੋ ਯੁੱਗ ਹੀ ਬਾਦਸ਼ਾਹ ਹੈ'' (ਜ਼ਬੂਰ 10:16)। ਉਸਦੀ ਪ੍ਰਭੂਤਾ ਸਦਾ ਲਈ ਹੈ ''ਵੇਖੋ, ਕੌਮਾਂ ਡੋਲ ਵਿਚ ਇਕ ਤੁਪਕੇ ਜਿਹੀਆਂ ਹਨ ਅਤੇ ਛਾਇਆ ਦੀ ਧੂੜ ਜਿਹੀਆਂ ਗਿਣਦੀਆਂ ਹਨ'' (ਯਸਾਯਾਹ 40:15)। ਜਦੋਂ ''ਯਹੋਵਾਹ ਜਲ ਪਰਲੋ ਉੱਤੇ ਬੈਠਾ'' (ਜ਼ਬੂਰ 29:10) ਤਾਂ ਉਸਦਾ ਫ਼ੈਸਲਾ ਪੱਕਾ ਸੀ। ਇਕੱਲਾ ਉਹ ਹੀ ਖ਼ੁਦਾ ਹੈ।

''ਕੌਮਾਂ ਦੇ ਰਾਜਾ'' (ਪ੍ਰਕਾਸ਼ ਦੀ ਪੋਥੀ 15:3) ਨੂੰ ਇਹ ਚੰਗਾ ਲੱਗਾ ਕਿ ਮਸੀਹੀ ਯੁੱਗ ਦੇ ਦੌਰਾਨ ਅਕਾਸ਼ ਅਤੇ ਧਰਤੀ ਦਾ ਸਾਰਾ ਅਖ਼ਤਿਆਰ ਆਪਣੇ ਪੁੱਤਰ ਨੂੰ ਦੇਵੇ (ਮੱਤੀ 28:18)। ਪਿਲਾਤੁਸ ਦੇ ਸਵਾਲ ਕਿ ''ਤੂੰ ਰਾਜਾ ਹੈਂ?'' (ਯੂਹੰਨਾ 18:37) ਦਾ ਯਿਸੂ ਨੇ ਸਾਫ਼-ਸਾਫ਼ ਜਵਾਬ ਦਿੱਤਾ ਸੀ ''ਮੈਂ ਇਸੇ ਲਈ ਜਨਮ ਲਿਆ ਅਤੇ ਇਸੇ ਲਈ ਜਗਤ ਵਿਚ ਆਇਆ ਹਾਂ'' (ਯੂਹੰਨਾ 18:37)। ਪਰ ''ਉਸਨੇ ਉਸ ਹਾਕਮ ਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਉਸਦਾ ਰਾਜ ਇਸ ਜਗਤ ਦਾ ਨਹੀਂ ਹੈ'' (ਯੂਹੰਨਾ 18:36)। ਜਦ ਸ਼ੈਤਾਨ ਨੇ ਉਸਨੂੰ ਜਗਤ ਦੀਆਂ ਸਾਰੀਆਂ ਬਾਦਸ਼ਾਹੀਆਂ ਅਤੇ ਜਲੌ ਦੇਣ ਦੀ ਪੇਸ਼ਕਸ਼ ਕੀਤੀ ਤਾਂ ਯਿਸੂ ਨੇ ਦੁਨਿਆਵੀ ਅਖ਼ਤਿਆਰ ਲੈਣ ਤੋਂ ਨਾਂਹ ਕਰ ਦਿੱਤੀ ਸੀ (ਮੱਤੀ 4:8, 9)। ਉਹਨੇ ਆਪਣੇ ਚੇਲਿਆਂ ਨੂੰ ਉਸ ਨੂੰ ਰਾਜਾ ਬਣਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ (ਯੂਹੰਨਾ 6:15)। ਜਦ ਗਧੀ ਦੇ ਬੱਚੇ 'ਤੇ ਸਵਾਰ ਹੋਣ ਵੇਲੇ ਉਸਨੂੰ ਰਾਜਾ ਬਣਾਉਣ ਦਾ ਐਲਾਨ ਹੋ ਰਿਹਾ ਸੀ ਤਾਂ ਉਹਦੇ ਕੋਲ ਕੋਈ ਸਿਪਾਹੀ ਨਹੀਂ ਸੀ; ਕਿਸੇ ਨੂੰ ਵੀ ਨਹੀਂ ਲੱਗਾ ਸੀ ਕਿ ਕੈਸਰ ਦਾ ਵਿਰੋਧੀ ਆ ਗਿਆ ਹੈ (ਯੂਹੰਨਾ 12:15)। ਅਸਲ 'ਚ ਉਸ ਵੇਲੇ ਯਿਸੂ ਰਾਜਾ ਨਹੀਂ ਸੀ ਅਤੇ ਉਸਨੇ ਸੁਰਗ ਵਿਚ ਵਾਪਿਸ ਜਾਣ ਤਕ ਰਾਜਾ ਨਹੀਂ ਹੋਣਾ ਸੀ। ਫਿਰ ਵੀ ਉਸਨੇ ਆਪਣੀ ਇੱਛਾ ਨਾਲ ਆਪਣੀ ਤਾਰੀਫ਼ ਕਰਨ ਵਾਲੇ ਲੋਕਾਂ ਦੀ ਗੱਲ ਮੰਨ ਲਈ ਜਿਨ੍ਹਾਂ ਦੇ ਮਨਾਂ 'ਤੇ ਉਹ ਪਹਿਲਾਂ ਹੀ ਰਾਜ ਕਰਦਾ ਸੀ।

ਹੁਕਮ ਮੰਨਣਾ ਸਿੱਖ ਕੇ (ਇਬਰਾਨੀਆਂ 5:8) ਅਤੇ ਮੌਤ ਤੇ ਫ਼ਤਹਿ ਪਾ ਕੇ (ਇਬਰਾਨੀਆਂ 2:14), ਉਹ ਉੱਪਰ ਉਠਾ ਲਿਆ ਗਿਆ। ਯਿਸੂ ਦੇ ਉੱਪਰ, ਸੁਰਗ ਵਿਚ ਪਹੁੰਚਣ ਤੇ ਉੱਥੋਂ ਦੀਆਂ ਗਲੀਆਂ ਵਿਚ ਬੜੀ ਖੁਸ਼ੀ ਮਨਾਈ ਜਾਣ ਲੱਗੀ ਅਤੇ ਦਰਵਾਜ਼ਿਆਂ ਤੋਂ ਇਹ ਸ਼ੋਰ ਆ ਰਿਹਾ ਸੀ:

> ਹੇ ਫਾਟਕੋ ਆਪਣੇ ਸਿਰ ਉੱਪਰ ਕਰੋ, ਹੇ ਆਦੀ ਦਰਵਾਜ਼ਿਓ ਉੱਚੇ ਹੋ ਜਾਓ! ਤਾਂ ਜਲਾਲ ਦਾ ਬਾਦਸ਼ਾਹ ਅੰਦਰ ਆਵੇਗਾ (ਜ਼ਬੂਰ 24:7)।

ਜਦ ਸੁਰਗ ਦੇ ਫਾਟਕ ਅਤੇ ਦਰਵਾਜ਼ਿਆਂ ਨੇ ਪੁੱਛਿਆ, ''ਇਹ ਜਲਾਲ ਦਾ ਬਾਦਸ਼ਾਹ ਕੌਣ ਹੈ?'' ਤਾਂ ਜਵਾਬ ਮਿਲਿਆ, ''ਯਹੋਵਾਹ ਸਮਰਥੀ ਅਤੇ ਬਲੀ, ਯਹੋਵਾਹ ਜੋ ਯੁੱਧ ਵਿਚ ਬਲੀ ਹੈ'' (ਜ਼ਬੂਰ 24:8) ਅਤੇ ''ਸੈਨਾ ਦਾ ਯਹੋਵਾਹ, ਉਹੀ ਜਲਾਲ ਦਾ ਬਾਦਸ਼ਾਹ ਹੈ'' (ਜ਼ਬੂਰ 24:10)।

ਉਸਦੀ ਅਸਲੀ ਤਾਜਪੋਸ਼ੀ ਸੁਰਗ ਵਿਚ ਜਾਣ ਦੇ ਦਿਨ ਦੇ ਬਾਅਦ ਹੋਈ ਸੀ ਜਿਸ ਨੂੰ ਪੰਤੇਕੁਸਤ ਦੇ ਦਿਨ ਖ਼ੁਦਾ ਵੱਲੋਂ ਠਹਿਰਾਇਆ ਹੋਇਆ ਸੀ। ਖ਼ੁਦਾ ਬਾਪ ਨੇ ਆਪਣੇ ਬੇਟੇ ਨੂੰ ਇਹ ਕਹਿੰਦਿਆਂ ਬੁਲਾਇਆ ਕਿ ''ਮੇਰੇ ਸੱਜੇ ਹੱਥ ਬੈਠ ਜਦ ਤੀਕਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ'' (ਜ਼ਬੂਰ 110:1)। ਹੁਣ ਆਖ਼ਰੀ ਦੁਸ਼ਮਣ ਦੇ ਨਾਸ ਹੋਣ ਤਕ ਖ਼ੁਦਾ ਦੀ ਗੱਦੀ ਤੇ ਉਹ ਰਾਜ ਕਰੇਗਾ (1 ਕੁਰਿੰਥੀਆਂ 15:25, 26)। ਸੰਕੇਤਿਕ ਤੌਰ ਤੇ ਕਹੀਏ ਤਾਂ ਖ਼ੁਦਾ ਨੇ ਪੰਤੇਕੁਸਤ ਦੇ ਦਿਨ ਐਤਵਾਰ ਆਪਣੇ ਬੇਟੇ ਦੇ ਸਿਰ ਨੂੰ ਖੁਸ਼ੀ ਦੇ ਤੇਲ ਨਾਲ ਮਸਹ ਕੀਤਾ ਸੀ (ਇਬਰਾਨੀਆਂ 1:8, 9)। ਜੋ ਸੰਭਵ ਹੈ ਮਈ 26, 30 ਈਸਵੀ ਸੀ। ਯਿਸੂ ਸੱਚਮੁਚ, ਧੰਨ ਅਤੇ ਅਦੁੱਤੀ ਸਰਬਸ਼ਕਤੀਮਾਨ ਹੈ, ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ (1 ਤਿਮੋਥਿਉਸ 6:15) ਬਣ ਚੁੱਕਾ ਸੀ।

ਭਾਵੇਂ ਯਿਸੂ ਆਪਣੇ ਪਿਤਾ ਦੇ ਤਖ਼ਤ 'ਤੇ ਬੈਠਾ ਸੀ, ਪਰ ਉਸਦਾ ਰਾਜ ਸੰਸਾਰਿਕ (ਧਰਤੀ ਦਾ) ਅਤੇ ਜਿਸਮਾਨੀ ਨਹੀਂ ਹੋਣਾ ਸੀ। ਉਹਦਾ ਤਖ਼ਤ ''ਦਇਆ ਦੇ ਨਾਲ'' ਕਾਇਮ ਕੀਤਾ ਗਿਆ ਸੀ ਅਤੇ ਇਸ 'ਤੇ ਬੈਠਣ ਵਾਲੇ ਨੇ ''ਸੋਚ ਵਿਚਾਰ ਕੇ ਸੱਚਾ ਨਿਆ'' ਕਰਨਾ ਸੀ। ਅਤੇ ਧਰਮ ਦੇ ਕੰਮਾਂ ਲਈ ਸਦਾ ਤਿਆਰ ਰਹਿਣਾ ਸੀ (ਯਸਾਯਾਹ 16:5)। ਉਹਦਾ ਰਾਜ ''ਪਵਿੱਤਰ ਆਤਮਾ ਵਿਚ ਸ਼ਾਂਤੀ ਅਤੇ ਆਨੰਦ ਹੈ'' (ਰੋਮੀਆਂ 14:17)।

ਜਦ ਉਹ ਸਾਰੇ ਲੋਕਾਂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਲਵੇਗਾ ਤਾਂ ਆਖ਼ਰੀ ਦੁਸ਼ਮਣ ਅਰਥਾਤ ਮੌਤ ਦਾ ਨਾਸ ਹੋ ਜਾਏਗਾ (1 ਕੁਰਿੰਥੀਆਂ 15:26)। ਉਸ ਵਕਤ ਉਹ ਰਾਜ ਨੂੰ ਆਪਣੇ ਪਿਤਾ ਦੇ ਹੱਥ ਦੇ ਦੇਵੇਗਾ (1 ਕੁਰਿੰਥੀਆਂ 15:24)। ਫਿਰ ਆਪ ਵੀ, ਸਭ ਲੋਕਾਂ ਅਤੇ ਫ਼ਰਿਸ਼ਿਤਆਂ ਦੇ ਨਾਲ, ਉਸਦੇ ਅਧੀਨ ਹੋ ਜਾਵੇਗਾ; ਜਿਸ ਨੇ ਸਭ ਕੁਝ ਉਸ ਦੇ ਅਧੀਨ ਕਰ ਦਿੱਤਾ ਸੀ, ਤਾਂ ਜੋ ਖ਼ੁਦਾ ਸਭ ਵਿਚ ਅਤੇ ਸਭ ਕੁਝ ਹੋਵੇ (1 ਕੁਰਿੰਥੀਆਂ 15:28)।

## ''ਛੁਡਾਉਣ ਵਾਲਾ''

ਮਨੁੱਖ ਨਾਲ ਖ਼ੁਦਾ ਦਾ ਵਰਤਾਉ ਦੀ ਭੂਮਿਕਾ ਨੂੰ ਦੱਸਦਾ ਹੋਇਆ ਇਕ ਹੋਰ ਸ਼ਬਦ *ਗੋਏਲ* ਹੈ, ਜੋ ਕਿਸੇ ਬਦਲਾ ਲੈਣ ਵਾਲੇ, ਬੇਕਸੂਰ ਠਹਿਰਾਉਣ ਵਾਲੇ ਜਾਂ ਛੁਡਾਉਣ ਵਾਲੇ ਵੱਲ ਇਸ਼ਾਰਾ ਕਰਦਾ ਹੈ। ਇਸ ਸ਼ਬਦ ਦੀ ਵਰਤੋਂ ਸੁਲੇਮਾਨ ਨੇ ਕਹਾਉਤਾਂ 23:10, 11 ਅਤੇ ਅੱਯੂਬ ਦੀ ਪੁਸਤਕ 19:25-27 ਵਿਚ ਕੀਤੀ ਗਈ ਸੀ।

### ਬੇਕਸੂਰ ਠਹਿਰਾਉਣ ਵਾਲਾ

ਗੋਏਲ ਦੇ ਰੂਪ ਵਿਚ ਖ਼ੁਦਾ ਇਸਰਾਏਲ ਦਾ ਬਦਲਾ ਲੈਣ ਵਾਲਾ ਜਾਂ ਬੇਕਸੂਰ ਠਹਿਰਾਉਣ ਵਾਲਾ

ਸੀ। ਉਸ ਅਨੁਸਾਰ ਜ਼ਮੀਨ ਦੀਆਂ ਹੱਦਾਂ ਵਧਾਉਣ ਜਾਂ ਚੋਰੀ ਕਰ ਲੈਣਾ ਇਕ ਖ਼ਤਰਨਾਕ ਜੁਰਮ ਸੀ। ਉਸਦੀਆਂ ਨਜ਼ਰਾਂ ਵਿਚ ਯਤੀਮ ਦੇ ਹੱਕ ਮਾਰਨਾ ਵੀ ਇਕ ਗੰਭੀਰ ਜੁਰਮ ਸੀ (ਕਹਾਉਤਾਂ 23:10)। ਮੁਜਰਿਮਾਂ ਨੂੰ ਗੋਏਲ ਭਾਵ ਇਕ ਛੁਡਾਉਣ ਵਾਲੇ ਦੀ ਲੋੜ ਹੁੰਦੀ ਸੀ। ਸੁਲੇਮਾਨ ਨੇ ਇਸ ਨੂੰ ਖ਼ੁਦਾ ਦੀ ਭੂਮਿਕਾ ਦੇ ਰੂਪ ਵਿਚ ਵੇਖਿਆ। ਉਹਨੇ ਖ਼ੁਦਾ ਦਾ ਵਰਣਨ ''ਸਮਰੱਥ ਵਾਲਾ'' ਦੇ ਰੂਪ ਵਿਚ ਕੀਤਾ ਅਤੇ ਕਿਹਾ ਕਿ ''ਉਨ੍ਹਾਂ ਦਾ ਮੁਕੱਦਮਾ ਉਹ ਹੀ ਲੜੇਗਾ'' (ਕਹਾਉਤਾਂ 23:11)।

ਅੱਯੂਬ ਦੇ ਦੁੱਖ ਸਮੇਂ ਕੋਈ ਵੀ, ਐਥੋਂ ਤਕ ਕਿ ਉਸਦੀ ਪਤਨੀ ਵੀ ਉਸਦੇ ਚਾਲ ਚੱਲਣ ਨੂੰ ਕਹਿ ਨਹੀਂ ਰਹੀ ਸੀ। ਪਰ ਉਹ (ਅੱਯੂਬ) ਜਾਣਦਾ ਸੀ ਕਿ ਉਸਦਾ ਇਕ ਦੋਸਤ ਹੈ:

> ਮੈਂ ਤਾਂ ਜਾਣਦਾ ਹਾਂ ਭਈ ਮੇਰਾ ਨਿਸਤਾਰਾ ਦੇਣ ਵਾਲਾ ਜਿਉਂਦਾ ਹੈ, ਅਤੇ ਓੜਕ ਨੂੰ ਉਹ ਖ਼ਾਕ ਉੱਤੇ ਖੜਾ ਹੋਵੇਗਾ, ਆਪਣੀ ਇਸ ਖੱਲ ਦੇ ਨਾਸ ਹੋਣ ਦੇ ਮਗਰੋਂ ਮੈਂ ਆਪਣੇ ਮਾਸ ਤੋਂ ਬਿਨਾਂ ਖ਼ੁਦਾ ਨੂੰ ਵੇਖਾਂਗਾ, ਜਿਸ ਨੂੰ ਮੈਂ ਆਪਣੀ ਵੱਲ ਵੇਖਾਂਗਾ, ਅਤੇ ਮੇਰੀਆਂ ਅੱਖਾਂ ਵੇਖਣਗੀਆਂ ਕਿ ਉਹ ਗ਼ੈਰ ਨਹੀਂ ... (ਅੱਯੂਬ 19:25-27)।

ਉਸਨੂੰ ਇਹ ਪਤਾ ਨਹੀਂ ਸੀ ਕਿ ਮੌਤ ਤੋਂ ਪਹਿਲਾਂ ਉਸਦੇ ਚਰਿੱਤਰ ਨੂੰ ਬੇਕਸੂਰ ਠਹਿਰਾਵੇਗਾ ਕਿ ਨਹੀਂ। ਇਸ ਜ਼ਿੰਦਗੀ ਵਿਚ ਬੇਕਸੂਰ ਸਾਬਿਤ ਹੋਣ ਦੀ ਉਸ ਨੂੰ ਕੋਈ ਉਮੀਦ ਨਹੀਂ ਸੀ। ਉਹ ਸਿਰਫ਼ ਮੌਤ ਨਾਲ ਹੀ ਦੁੱਖ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਪਰ ਉਸ ਨੂੰ ਜਿਉਂਦੇ ਅਤੇ ਬੇਕਸੂਰ ਠਹਿਰਾਉਣ ਵਾਲੇ ਉੱਤੇ ਪੂਰਾ ਯਕੀਨ ਸੀ ਜਿਸਨੇ ਉਸਨੂੰ ਰਾਖ ਵਿਚ ਅਵਿਨਾਸ਼ੀ ਅੱਖਾਂ ਨਾਲ ਖ਼ੁਦਾ ਨੂੰ ਵੇਖਣ ਲਈ ਜ਼ਿੰਦਾ ਕਰਨਾ ਸੀ।

**ਮੁੱਲ ਭਰਨ ਵਾਲਾ**

ਕਈ ਵਾਰ *ਗੋਏਲ* ਸ਼ਬਦ ਦਾ ਅਰਥ ਕੀਮਤ ਚੁਕਾਉਣ ਵਾਲੇ ਦੇ ਰੂਪ ਵਿਚ ਕੀਤਾ ਜਾਂਦਾ ਹੈ। ਕਿਸੇ ਇਸਰਾਏਲੀ ਨੂੰ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਕੀਤੇ ਜਾਣ 'ਤੇ ਉਸ ਦੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਮੂਸਾ ਦੀ ਸ਼ਰ੍ਹਾ ਮੁਤਾਬਿਕ ਉਸ ਜ਼ਮੀਨ ਨੂੰ ਖਰੀਦਣ (ਲੇਵੀਆਂ 25:23-25) ਦਾ ਪਹਿਲਾ ਹੱਕ ਹੁੰਦਾ ਸੀ। ਅਜਿਹੇ ਰਿਸ਼ਤੇਦਾਰ ਨੂੰ *ਗੋਏਲ* ਭਾਵ ਮੁੱਲ ਲੈਣ ਵਾਲਾ ਕਿਹਾ ਜਾਂਦਾ ਸੀ। ਰੂਥ ਦੀ ਕਿਤਾਬ ਵਿਚ ਇਕ ਮਿਸਾਲ ਦਿੱਤੀ ਗਈ ਹੈ। ਜਦ ਨਾਓਮੀ ਦੇ ਸਾਕਾਂ ਵਿਚ ਸਭ ਤੋਂ ਨੇੜਲੇ ਆਦਮੀ ਨੇ ਛੁਡਾਉਣ ਦੇ ਹੱਕ ਤੋਂ ਨਾਂਹ ਕਰ ਦਿੱਤੀ ਤਾਂ ਬੋਅਜ਼ ਉਸਦਾ *ਗੋਏਲ* ਅਰਥਾਤ ਛੁਡਾਉਣ ਵਾਲਾ ਬਣ ਗਿਆ। ਉਸਨੇ ਜ਼ਮੀਨ ਤਾਂ ਖ਼ਰੀਦੀ ਹੀ ਸੌਦੇ ਵਿਚ ਉਸ ਨੂੰ ਨਾਲ ਇਕ ਲਾੜੀ ਵੀ ਮਿਲ ਗਈ।

ਖ਼ੁਦਾ ਵੀ ਬਾਬੁਲ ਦੀ ਗ਼ੁਲਾਮੀ ਵਿਚ ਰਹਿਣ ਵਾਲਿਆਂ ਦਾ *ਗੋਏਲ* ਅਰਥਾਤ ਛੁਡਾਉਣ ਵਾਲਾ ਭਾਵ ਕੀਮਤ ਚੁਕਾਉਣ ਵਾਲਾ ਸੀ। ਉਨ੍ਹਾਂ ਨੂੰ ਇਕ ਨਵੇਂ ਮਨ ਅਤੇ ਇਕ ਨਵੀਂ ਆਤਮਾ ਦੇ ਕੇ ਜ਼ਰੂਬਾਬਲ, ਅਜ਼ਰਾ ਅਤੇ ਨਹਮਯਾਹ ਦੀ ਅਗਵਾਈ ਵਿਚ ਵਾਪਸ ਲੈ ਆਇਆ ਸੀ (ਹਿਜ਼ਕੀਏਲ 36:26)। ਇਸਰਾਏਲ ਦਾ *ਗੋਏਲ* ਸਮਰਥੀ ਸੀ, ਉਸ ਨੇ ਲੋਕਾਂ ਦਾ ਮੁਕੱਦਮਾ ਚੰਗੀ ਤਰ੍ਹਾਂ ਲੜਨਾ ਸੀ (ਯਿਰਮਿਯਾਹ 50:34)। ਉਸਦੇ ਰਾਹ ਨੂੰ ਪਵਿੱਤਰ ਰਾਹ ਆਖਿਆ ਜਾਂਦਾ ਹੈ। ਨਾਪਾਕ ਲੋਕਾਂ ਨੇ ਉੱਥੋਂ ਦੀ ਨਹੀਂ ਜਾਣਾ ਸੀ। ਭਾਵ ਉਹ ਰਾਹ ਉਨ੍ਹਾਂ ਲੋਕਾਂ ਲਈ ਸੀ ਜਿਨ੍ਹਾਂ ਦਾ ਮੁੱਲ ਚੁੱਕਾ ਦਿੱਤਾ ਗਿਆ ਸੀ। ਉਨ੍ਹਾਂ ਦੇ ਮਨ ਅਤੇ ਆਤਮਾ ਨਵੀਆਂ ਹੋਣੀਆਂ ਸਨ, ਪਵਿੱਤਰਤਾ ਦਾ ਰਾਹ ਉਨ੍ਹਾਂ ਲਈ ਸਾਫ਼ ਹੋਣਾ ਸੀ। ਮੁਸਾਫ਼ਰਾਂ ਨੂੰ, ਬਲਕਿ ਸਿੱਧੇ ਲੋਕਾਂ ਨੂੰ ਵੀ ਸਮਝ ਹੋਣੀ ਸੀ ਕਿ ਧਾਰਮਿਕਤਾ ਦੇ ਰਾਜ ਮਾਰਗ ਤੇ ਕਿਵੇਂ ਚੱਲੀਦਾ ਹੈ। ਖ਼ੁਦਾ ਦੇ ਮੁੱਲ ਲਏ ਹੋਏ ਲੋਕਾਂ ਨੇ ਗਾਉਂਦੇ ਹੋਏ ਸਿਓਨ ਵਿਚ ਵਾਪਸ ਆਉਣਾ ਸੀ। ਉਨ੍ਹਾਂ

ਦੇ ਮਨਾਂ ਵਿਚ ਅਬਦੀ ਖੁਸ਼ੀ ਹੋਣੀ ਸੀ, ਉਨ੍ਹਾਂ ਨੂੰ ਆਨੰਦ ਅਤੇ ਖੁਸ਼ੀ ਹੋਣੀ ਸੀ, ਜਦਕਿ ਦੁੱਖ ਅਤੇ ਉਦਾਸੀ ਦੂਰ ਹੋ ਜਾਣੀ ਸੀ (ਯਸਾਯਾਹ 35:8-10)। ਖ਼ੁਦਾ, ਜਿਸਨੇ ਇਸਰਾਏਲ ਨੂੰ ਬਣਾਇਆ ਸੀ ਹੁਣ ਉਨ੍ਹਾਂ ਨੂੰ ਗੋਏਲ ਦੇ ਰੂਪ ਵਿਚ ਇਕ ਸ੍ਰੇਸ਼ਠਤਾ ਦਾ ਐਲਾਨ ਕਰ ਸਕਦਾ ਸੀ ਕਿ ''ਮੈਂ ਤੈਨੂੰ ਛੁਡਾ ਲਿਆ ਹੈ'' (ਯਸਾਯਾਹ 43:1)।

ਪਾਪ ਤੋਂ ਛੁਟਕਾਰਾ ਕਿਸੇ ਵਿਦੇਸ਼ੀ ਸ਼ਕਤੀ ਤੋਂ ਛੁਟਕਾਰੇ ਨਾਲੋਂ ਵਧਕੇ ਹੈ (ਕੁਲੁੱਸੀਆਂ 1:14)। ਖ਼ੁਦਾ ਨੇ ਆਪਣਾ ਛੁਟਕਾਰਾ ਯਿਸੂ ਦੇ ਰਾਹੀਂ ਮੁਹੱਈਆ ਕਰਵਾਇਆ, ਜਿਸ ਨੇ ਆਪਣੇ ਆਪ ਨੂੰ ਸਾਡੇ ਛੁਟਕਾਰੇ ਵਾਸਤੇ ਦੇ ਦਿੱਤਾ (ਮੱਤੀ 20:28)। ਉਸ ਨੇ ਆਪਣਾ ''ਕੀਮਤੀ ਲਹੂ'' (1 ਪਤਰਸ 1:19) ''ਪਹਿਲੇ ਨੇਮ ਦੇ ਅਪਰਾਧਾਂ ਤੋਂ'' (ਇਬਰਾਨੀਆਂ 9:15) ਹੀ ਨਹੀਂ ਬਲਕਿ ''ਸਾਰੇ ਜਗਤ ਦੇ ਪਾਪਾਂ'' (1 ਯੂਹੰਨਾ 2:2) ਤੋਂ ਛੁਡਾ ਕੇ ''ਸਦੀਜਕਾਲ ਦਾ ਵਿਰਸਾ'' (ਇਬਰਾਨੀਆਂ 9:12, 15) ਦਵਾਉਣ ਲਈ ਵਹਾਇਆ।

## ''ਪਿਤਾ''

ਪਹਿਲਾਂ ਹੀ ਦੱਸ ਦਿੱਤਾ ਗਿਆ ਹੈ ਕਿ ਖ਼ੁਦਾ ਦੁਨਿਆਵੀ ਪਿਤਾ ਵਰਗਾ ਪਿਤਾ ਨਹੀਂ ਹੈ। ਪਰ ਸਾਡੇ ਪਿਤਾ ਦੇ ਰੂਪ ਵਿਚ, ਪੁਰਾਣੇ ਨੇਮ ਵਿਚ, ਉਹਦੀ ਭੂਮਿਕਾ ਸਲਾਹੁਣਯੋਗ ਅਤੇ ਅਨੰਦ ਦੇਣ ਵਾਲੀ ਹੈ।[1]

### ਇਸਰਾਏਲੀ ਖ਼ੁਦਾ ਦੇ ਪਲੌਠੇ ਦੇ ਰੂਪ ਵਿਚ

ਪਿਤਾ ਦੇ ਰੂਪ ਵਿਚ ਖ਼ੁਦਾ ਦਾ ਪਹਿਲਾਂ ਜ਼ਿਕਰ ਇਸਰਾਏਲ ਦੇ ਬਾਰਾਂ ਗੋਤਾਂ ਦੇ ਹਵਾਲੇ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਇਕੱਠੇ ਇਕ ਇਕਾਈ ਦੇ ਰੂਪ ਵਿਚ ''ਇਸਰਾਏਲ ਮੇਰਾ ਪੁੱਤਰ ਬਲਕਿ ਜੇਠਾ'' (ਕੂਚ 4:22) ਮੰਨਿਆ ਜਾਂਦਾ ਹੈ। ਫ਼ਿਰਾਊਨ ਵੱਲੋਂ ਇਸਰਾਏਲ ਨੂੰ ਜਿਸਨੂੰ ਖ਼ੁਦਾ ਦੇ ਜੇਠੇ ਦੇ ਰੂਪ ਵਿਚ ਵਿਖਾਇਆ ਗਿਆ ਸੀ, ਮਿਸਰ ਨੂੰ ਛੱਡਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰਨ ਤੇ ਉਸਨੂੰ ਦੱਸਿਆ, ''ਇਸ ਕਾਰਣ ਮੈਂ ਤੇਰੇ ਪੁੱਤਰ ਸਗੋਂ ਤੇਰੇ ਪਲੌਠੇ ਦੇ ਪੁੱਤਰ ਨੂੰ ਜਾਨੋਂ ਮਾਰ ਦਿਆਂਗਾ'' (ਕੂਚ 4:23)। ਜਦ ਖ਼ੁਦਾ ਦਾ ਪੁੱਤਰ ਇਸਰਾਏਲ ਗੁਲਾਮੀ ਦੀ ਬੇਇੰਤਹਾ ਪੀੜ ਝੱਲ ਰਿਹਾ ਸੀ ਤਾਂ ਉਸ ਵਿਚ ਖ਼ੁਦਾ ਦਾ ਪਿਆਰ ਇਕ ਪਿਤਾ ਵਾਂਗ ਵਿਖਾਇਆ ਗਿਆ: ''ਜਦ ਇਸਰਾਏਲ ਮੁੰਡਾ ਸੀ ਅਤੇ ਮੈਂ ਉਸਨੂੰ ਪਿਆਰ ਕੀਤਾ, ਅਤੇ ਆਪਣੇ ਪੁੱਤਰ ਨੂੰ ਮਿਸਰ ਵਿਚ ਸੱਦਿਆ'' (ਹੋਸ਼ੇਆ 11:1)। ਆਪਣੇ ਪੁੱਤਰ ਵਿਚ ਦਿਲਚਸਪੀ ਲੈਣ ਅਤੇ ਉਸਨੂੰ ਪਿਆਰ ਕਰਨ ਵਾਲੇ ਪਿਤਾ ਵਾਂਗ, ਖ਼ੁਦਾ ਨੇ ਇਸਰਾਏਲ ਨੂੰ ਕੁੱਛੜ ਚੁੱਕ ਕੇ ਚੱਲਣਾ ਸਿਖਾਇਆ (ਹੋਸ਼ੇਆ 11:3)।

### ਮਸੀਹੀ ਲੋਕ ਖ਼ੁਦਾ ਦੇ ਪਲੌਠੇ ਦੇ ਰੂਪ ਵਿਚ

ਇਸਰਾਏਲੀਆਂ ਤੋਂ ਇਲਾਵਾ ਹੋਰ ਕੌਮਾਂ ਵੀ ਖ਼ੁਦਾ ਦੀ ਸੰਤਾਨ ਸਨ। ਸਭ ਕੌਮਾਂ ''ਖ਼ੁਦਾ ਦੀ ਅੰਸ'' ਸਨ (ਰਸੂਲਾਂ ਦੇ ਕੰਮ 17:29)। ਪਰ ਅਬਰਾਹਾਮ ਦੇ ਜ਼ਬਰਦਸਤ ਵਿਸ਼ਵਾਸ ਕਰਕੇ ਇਬਰਾਨੀ ਕੌਮ ਨੂੰ ਜੋ ਉਸਦੀ ਅੰਸ ਸੀ ਖ਼ੁਦਾ ਨੇ ਆਪਣੇ ਸਭ ਬੱਚਿਆਂ ਵਿੱਚੋਂ ਪਲੌਠਾ ਪੁੱਤਰ ਮੰਨਿਆ।

ਪਰਿਵਾਰ ਵਿਚ ਪਲੌਠਾ ਹੋਣਾ ਫ਼ਖ਼ਰ ਦੀ ਗੱਲ ਮੰਨੀ ਜਾਂਦੀ ਸੀ। ਪਲੌਠੇ ਨੂੰ ਆਪਣੇ ਪਿਤਾ ਦਾ ਦੁਗਣਾ ਹਿੱਸਾ ਮਿਲਦਾ ਸੀ (ਵਿਵਸਥਾਸਾਰ 21:17), ਬਲਕਿ ਪਲੌਠਾ ਹੋਣ ਕਰਕੇ ਉਸਨੂੰ ਆਪਣੇ ਪਿਤਾ ਦੀ ਸ਼ਕਤੀ ਦਾ ਮੂਲ ਵੀ ਮੰਨਿਆ ਜਾਂਦਾ ਸੀ। ਪਲੌਠੇ ਨੂੰ ਆਪਣੇ ਪਿਤਾ ਦੀ ''ਸਮਰੱਥ'' ਦੇ ਰੂਪ ਵਿਚ ਆਦਰ ਮਾਣ ਦਿੱਤਾ ਜਾਂਦਾ ਸੀ। ਉਸਨੂੰ ਇੱਜ਼ਤ ਅਤੇ ਸ਼ਕਤੀ ਵਿਚ ਵੀ ਪਹਿਲ ਦਿੱਤੀ ਜਾਂਦੀ ਸੀ (ਉਤਪਤ 49:3)। ਇਸ ਲਈ ਪਲੌਠੇ ਪੁੱਤਰ ਪਰਿਵਾਰ ਦੀ ਸ਼ਾਨ ਸਮਝਿਆ ਜਾਂਦਾ ਸੀ।

ਆਪਣੇ ਬੱਚਿਆਂ ਨੂੰ ਇੱਜ਼ਤ ਦੇਣ ਦੀ ਇੱਛਾ ਨਾਲ ਖ਼ੁਦਾ ਨੇ ਇਸਰਾਏਲ ਨੂੰ ਸਭ ਕੌਮਾਂ ਵਿਚ ਪਹਿਲ ਦਿੱਤੀ। ਉਵੇਂ ਹੀ, ਖ਼ੁਦਾ ਮਸੀਹੀ ਲੋਕਾਂ ਨੂੰ ਇੱਜ਼ਤ ਦੇ ਕੇ ਅਤੇ ਕਲੀਸੀਆ ਨੂੰ ਆਪਣੇ ਪਲੌਠੇ ਲੋਕ ਕਹਿ ਕੇ ਖ਼ੁਸ਼ ਸੀ (ਇਬਰਾਨੀਆਂ 12:23), ਜਿਨ੍ਹਾਂ ਦੇ ਨਾਂਅ ਸੁਰਗ ਵਿਚ ਲਿਖੇ ਗਏ ਹਨ। ਇਸ ਚਿਤਰਣ ਵਿਚ ਸਿਰਜਣਾ ਦੇ ਆਧਾਰ ਤੇ ਖ਼ੁਦਾ ਦੀ ਸੰਤਾਨ ਮੰਨਿਆ ਗਿਆ ਹੈ ਪਰ ਨਵੀਂ ਸਿਰਜਣਾ ਦੇ ਆਧਾਰ 'ਤੇ (2 ਕੁਰਿੰਥੀਆਂ 5:17) ਮਸੀਹੀ ਲੋਕਾਂ ਨੂੰ ਖ਼ੁਦਾ ਦੇ ਪਲੌਠੇ ਮੰਨਿਆ ਜਾਂਦਾ ਹੈ, ਜਿਸ ਤੋਂ ਉਹ ਖ਼ੁਸ਼ ਹੈ।

**ਖ਼ੁਦਾ ਦੀ ਸੰਤਾਨ ਬਣਨਾ**

ਕੋਈ ਵੀ ਮਿਸਾਲ ਆਪਣੇ ਆਪ ਵਿਚ ਪੂਰੀ ਨਹੀਂ ਹੋ ਸਕਦੀ। ਬਾਪ ਬੇਟੇ ਦੀ ਮਿਸਾਲ ਹੈ ਤਾਂ ਸਹੀ, ਪਰ ਪਸੰਦ ਦੇ ਮਾਮਲੇ ਵਿਚ ਇਸ ਵਿਚ ਵੀ ਕਮੀ ਹੈ। ਕੋਈ ਬੱਚਾ ਇਹ ਨਹੀਂ ਆਖ ਸਕਦਾ ਕਿ ਉਹ ਜਨਮ ਲੈਣਾ ਚਾਹੁੰਦਾ ਹੈ ਜਾਂ ਨਹੀਂ। ਰੂਹਾਨੀ ਜਨਮ ਲੈਣ ਵਾਲੇ ਆਦਮੀ ਨੂੰ ਚੁਣਨਾ ਪੈਂਦਾ ਹੈ ਕਿ ਉਸਨੇ ਪਿਤਾ ਦੇ ਪਰਿਵਾਰ ਵਿਚ ਨਵੇਂ ਸਿਰਿਓਂ ਪੈਦਾ ਹੋਣਾ ਹੈ ਜਾਂ ਨਹੀਂ (ਯੂਹੰਨਾ 3:3-8)।

ਪਰਿਵਾਰ ਦਾ ਹਿੱਸਾ ਬਣਨ ਲਈ ਕੁਦਰਤੀ ਜਨਮ ਇਕ ਆਮ ਢੰਗ ਹੈ, ਪਰ ਗੋਦ ਲਏ ਜਾਣ ਨਾਲ ਵੀ ਪਰਿਵਾਰ ਦਾ ਜੀਅ ਬਣਿਆ ਜਾ ਸਕਦਾ ਹੈ। ਖ਼ੁਦਾ ਵੱਲੋਂ ਲੋਕਾਂ ਨੂੰ ਆਪਣੇ ਪਰਿਵਾਰ ਵਿਚ ਗੋਦ ਲੈਣ ਦੀ ਸੰਕੇਤਿਕ ਤਸਵੀਰ ਬਾਈਬਲ ਵਿਚ ਵੀ ਮਿਲਦੀ ਹੈ (ਗਲਾਤੀਆਂ 4:4-7)।

**ਨਿੱਜੀ ਧਿਆਨ**

ਅਜਿਹੇ ਪਿਤਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਜੋ ਆਪਣੇ ਬੱਚਿਆਂ ਦੀਆਂ ਲੋੜਾਂ ਤਾਂ ਪੂਰੀਆਂ ਕਰਦਾ ਹੋਵੇ ਪਰ ਉਨ੍ਹਾਂ ਵਿਚ ਨਿੱਜੀ ਦਿਲਚਸਪੀ ਨਾ ਲੈਂਦਾ ਹੋਵੇ। ਚੰਗਾ ਪਿਤਾ ਆਪਣੇ ਬੱਚਿਆਂ ਦੀਆਂ ਲੋੜਾਂ ਦਾ ਖ਼ਾਸ ਖਿਆਲ ਰੱਖਦਾ ਹੈ।[2] ਬਾਈਬਲ ਜਦ ਖ਼ੁਦਾ ਦੀ ਤੁਲਨਾ ਇਕ ਪਿਤਾ ਨਾਲ ਕਰਦੀ ਹੈ ਤਾਂ ਪਹਿਲੇ ਕੀਤੇ ਖ਼ਾਸ ਪ੍ਰਬੰਧ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਨਿਕੰਮਾ ਸੰਸਾਰਿਕ ਪਿਤਾ ਵੀ ਆਪਣੇ ਬੱਚਿਆਂ ਨੂੰ ਰੋਟੀ ਅਤੇ ਮੱਛੀ ਦੀ ਥਾਂ ਪੱਥਰ ਅਤੇ ਸੱਪ ਦੇਣ ਬਾਰੇ ਨਹੀਂ ਸੋਚਦਾ। ਫਿਰ ਵੀ ਸੁਰਗੀ ਪਿਤਾ ਦੀ ਇਹ ਇਕ ਛੋਟੀ ਜਿਹੀ ਮਿਸਾਲ ਹੈ, ਜਿਸਦਾ ਮਨ ਆਪਣੇ ਬੱਚਿਆਂ ਦੀਆਂ ਲੋੜਾਂ ਕਰਕੇ ਪਿਘਲ ਜਾਂਦਾ ਹੈ। ਉਨ੍ਹਾਂ ਦੇ ਦੁਖੀ ਹੋਣ 'ਤੇ ਉਹ ਦੁਖੀ ਹੁੰਦਾ ਹੈ (ਯਸਾਯਾਹ 63:9)। ''ਜਿਵੇਂ ਪਿਤਾ ਆਪਣੇ ਬੱਚਿਆ 'ਤੇ ਤਰਸ ਖਾਂਦਾ ਹੈ, ਤਿਵੇਂ ਹੀ ਯਹੋਵਾਹ ਵੀ ਆਪਣੇ ਡਰਨ ਵਾਲਿਆਂ ਤੇ ਤਰਸ ਖਾਂਦਾ ਹੈ। ਉਹਨੂੰ ਧਿਆਨ ਹੈ ਕਿ ਅਸੀਂ ਮਿੱਟੀ ਹਾਂ'' (ਜ਼ਬੂਰ 103:13, 14)।

**ਵੱਡਾ ਭਰਾ**

ਬਾਈਬਲ ਵਿਚ ਯਿਸੂ ਨੂੰ ਨਮੂਨੇ ਦੇ ਤੌਰ 'ਤੇ ਸਭ ਮਸੀਹੀ ਲੋਕਾਂ ਦਾ ਵੱਡਾ ਭਰਾ ਵਿਖਾਇਆ ਗਿਆ ਹੈ। ਉਹ ਉਨ੍ਹਾਂ ਨੂੰ ਭਰਾ ਕਹਿਣ ਤੋਂ ਸ਼ਰਮਾਉਂਦਾ ਨਹੀਂ (ਇਬਰਾਨੀਆਂ 2:11)। ਬਹੁਤਿਆਂ ਵਿੱਚੋਂ ਪਲੌਠਾ ਹੋਣ ਕਰਕੇ (ਰੋਮੀਆਂ 8:29) ਆਪਣੇ ਬਹੁਤੇ ਭੈਣਾਂ ਭਰਾਵਾਂ ਦੀ ਖ਼ਾਤਰ ਬੋਲਣ ਵਿਚ ਉਸਨੂੰ ਖ਼ੁਸ਼ੀ ਹੁੰਦੀ ਹੈ। ਉਨ੍ਹਾਂ ਵੱਲੋਂ ਉਹ ਪਿਤਾ ਨਾਲ ਗੱਲ ਕਰਦਾ ਹੈ (1 ਯੂਹੰਨਾ 2:1)।

**ਬੱਚਿਆਂ ਦਾ ਚਾਲ-ਚਲਣ**

ਜਿਵੇਂ ਬੱਚੇ ਵਿਚ ਆਪਣੇ ਬਾਪ ਦੀਆਂ ਖ਼ੂਬੀਆਂ ਆ ਹੀ ਜਾਂਦੀਆਂ ਹਨ ਉਸੇ ਤਰ੍ਹਾਂ, ਖ਼ੁਦਾ ਦੀ ਸੰਤਾਨ ਵੀ ਆਪਣੇ ਕੰਮਾਂ ਵਿਚ ਆਪਣੇ ਪਿਤਾ ਵਾਂਗ ਕਾਮਲ ਅਤੇ ਸਿੱਧ ਹੋਣਾ ਚਾਹੁੰਦੀ ਹੈ। ਪਿਆਰੇ ਬੱਚੇ ਹੋਣ ਕਰਕੇ (ਅਫ਼ਸੀਆਂ 5:1; ਮੱਤੀ 5:48) ਉਹ ਖ਼ੁਦਾ ਵਰਗੇ ਬਣਨ ਦੀ ਕੋਸ਼ਿਸ਼ ਕਰਦੇ ਹਨ।

ਸਰਬਸ਼ਕਤੀਮਾਨ ਪ੍ਰਭੂ ਦੇ ਬੇਟੇ ਅਤੇ ਬੇਟੀਆਂ ਹੋਣ ਕਰਕੇ, ਉਹ ਦੇਹ ਅਤੇ ਆਤਮਾ ਦੀ ਹਰ ਗੰਦਗੀ ਤੋਂ ਸ਼ੁੱਧ ਹੋਣਾ ਚਾਹੁੰਦੇ ਹਨ (2 ਕੁਰਿੰਥੀਆਂ 7:1)। ਬੀਬਾ ਪੁੱਤ ''ਆਪਣੇ ਪਿਤਾ ਦਾ ਆਦਰ ਕਰਦਾ ਹੈ'' (ਮਲਾਕੀ 1:6) ਅਤੇ ਸੋਝੀ ਰੱਖਣ ਵਾਲਾ ਪੁੱਤਰ ਪਿਤਾ ਨੂੰ ਦੁਖੀ ਵੇਖ ਕੇ ਦੁਖੀ ਹੁੰਦਾ ਹੈ (ਅਫ਼ਸੀਆਂ 4:30)।

**ਦਜੇ ਬੱਚੇ**

ਮਾਪਿਆਂ ਦੀ ਮਿਸਾਲ ਤੋਂ ਨਾ ਸਿਰਫ਼ ਮਾਤਾ ਪਿਤਾ ਅਤੇ ਬੱਚਿਆਂ ਦੇ ਸਿੱਧੇ ਰਿਸ਼ਤੇ ਦਾ ਪਤਾ ਲਗਦਾ ਹੈ ਬਲਕਿ ਇਸ ਤੋਂ ਬੱਚਿਆਂ ਦੇ ਇਕ ਦੂਜੇ ਨਾਲ ਸਿੱਧੇ ਰਿਸ਼ਤੇ ਦਾ ਵੀ ਪਤਾ ਲਗਦਾ ਹੈ। ''ਇੱਕੋ ਪਿਤਾ'' (ਮਲਾਕੀ 2:10) ਦੇ ਬੱਚਿਆਂ ਵਿਚ ਇਕ ਦੂਜੇ ਨੂੰ ਧੋਖਾ ਦੇਣ ਦੀ ਗੱਲ ਵਿਚਾਰੀ ਨਹੀਂ ਜਾਂਦੀ ਹੈ। ਖ਼ੁਦਾ ਦੇ ਪਿਆਰ ਦਾ ਦਾਅਵਾ ਕਰਨ ਵਾਲਾ ਆਦਮੀ ਜੇ ਖ਼ੁਦਾ ਦੀ ਸੰਤਾਨ ਨਾਲ ਪਿਆਰ ਨਹੀਂ ਕਰਦਾ ਤਾਂ ਉਹ ਝੂਠਾ ਹੈ (1 ਯੂਹੰਨਾ 4:20)। ਜੋ ਪਿਤਾ ਨਾਲ ਪਿਆਰ ਕਰਦਾ ਹੈ, ਉਹ ਪਿਤਾ ਦੇ ਬੱਚਿਆਂ ਨਾਲ ਵੀ ਪਿਆਰ ਕਰੇਗਾ (1 ਯੂਹੰਨਾ 5:1)।

## ''ਪਤੀ''

ਮਨੁੱਖ ਨਾਲ ਸੰਬੰਧ ਲਈ ਖ਼ੁਦਾ ਨੇ ਜੋ ਸਭ ਤੋਂ ਮਜ਼ਬੂਤ ਸੰਬੰਧ ਅਤੇ ਸਭ ਤੋਂ ਨਿੱਜੀ ਮਿਸਾਲ ਵਰਤੀ ਹੈ, ਉਹ ''ਈਸ਼'' ਭਾਵ ''ਪਤੀ'' ਦੀ ਹੈ। ਪਤੀ ਪਤਨੀ ਵਿਚ ਸਹਿਮਤੀ ਅਤੇ ਨਾਲ-ਨਾਲ ਚੱਲਣਾ ਐਨਾ ਜ਼ਰੂਰੀ, ਫ਼ਾਇਦੇਮੰਦ ਅਤੇ ਖੁਸ਼ੀ ਦੇਣ ਵਾਲਾ ਹੈ ਕਿ *ਈਸ਼/ਇਸ਼ਾਹ* ਅਰਥਾਤ ਪਤੀ/ ਪਤਨੀ ਨੂੰ ਸਭ ਤੋਂ ਸ਼ਾਨਦਾਰ ਨਮੂਨਾ ਬਣਾ ਦਿੱਤਾ ਹੈ।

**ਇਸਰਾਏਲ**

*ਮੰਗੇਤਰ ਦੇ ਰੂਪ ਵਿਚ ਇਸਰਾਏਲ* ਦੀ ਤੁਲਨਾ ਉਸ ਨਾਲ ਕੀਤੀ ਜਾਂਦੀ ਹੈ ਜਿਸਨੇ ''ਆਪਣੀ ਜਵਾਨੀ ਦੇ ਦਿਨਾਂ ਵਿਚ'' (ਹੋਸ਼ੇਆ 2:15) ਖ਼ੁਦਾ ਨਾਲ ਪਿਆਰ ਕੀਤਾ ਸੀ ਅਤੇ ਵਿਆਹ ਦੀ ਉਸਦੀ ਪੇਸ਼ਕਸ਼ ਵੀ ਮੰਨ ਲਈ ਸੀ (ਯਿਰਮਿਯਾਹ 2:2)। ਉਹ ਜੰਗਲ ਵਿਚ ਉਸਦੇ ਨਾਲ ਜਾਣ ਨੂੰ ਤਿਆਰ ਸੀ ਜਿੱਥੇ ਜ਼ਮੀਨ ਨਾ ਵਾਹੀ ਗਈ ਨਾ ਬੀਜੀ ਗਈ ਸੀ (ਯਿਰਮਿਯਾਹ 2:2)।

*ਵੇਸਵਾ ਦੇ ਰੂਪ ਵਿਚ ਇਸਰਾਏਲ।* ਸੰਜੀਦਗੀ ਅਤੇ ਭਰੋਸੇ ਨਾਲ ਵਿਆਹ ਤਕਲੀਫ਼ਦੇਹ ਹੋ ਗਿਆ ਸੀ। ਪਤਨੀ ਨੇ ਇਕ ਨਹੀਂ ਸਗੋਂ ਕਈ ਪ੍ਰੇਮੀਆਂ ਨਾਲ ''ਜ਼ਨਾਹ ਕੀਤਾ'' (ਯਿਰਮਿਯਾਹ 3:1)। ਖ਼ੁਦਾ ਦਾ ਫ਼ਰਮਾਨ ਸੀ ਕਿ ''ਸਚਮੁਚ ਜਿਵੇਂ ਕੋਈ ਤੀਵੀਂ ਆਪਣੇ ਭਰਤੇ ਨਾਲ ਬੇਈਮਾਨੀ ਕਰਦੀ ਹੈ, ਹੇ ਇਸਰਾਏਲ ਦੇ ਘਰਾਣੇ ਤਿਵੇਂ ਹੀ ਤੁਸਾਂ ਮੇਰੇ ਨਾਲ ਬੇਈਮਾਨੀ ਕੀਤੀ'' (ਯਿਰਮਿਯਾਹ 3:20)। ਇਸਰਾਏਲ ਦੀਆਂ ਮੂਰਤੀਪੂਜਕ, ਨਾਪਾਕ ਨੀਤੀਆਂ ਅਤੇ ਉਸਦੀ ਸਾਰੀ ਬੇਈਮਾਨੀ ਨੂੰ ਖ਼ੁਦਾ ਭਾਵ *ਈਸ਼* ਆਪਣੇ ਪਤੀ ਦੇ ਖ਼ਿਲਾਫ਼ ਜ਼ਨਾਹ ਮੰਨਿਆ ਗਿਆ ਸੀ। ਖ਼ੁਦਾ ਦਾ ਐਲਾਨ ਸੀ ਕਿ ਵਿਆਹ ਦੇ ਬੰਧਨ ਵਿਚ ''ਉਨ੍ਹਾਂ ਮੇਰੇ ਨੇਮ ਨੂੰ ਤੋੜ ਦਿੱਤਾ ਭਾਵੇਂ ਮੈਂ ਉਨ੍ਹਾਂ ਦਾ ਪਤੀ ਸਾਂ'' (ਯਿਰਮਿਯਾਹ 31:32)। ਖ਼ੁਦਾ ਤੋਂ ਦੂਰ ਹੋ ਕੇ ਲੋਕਾਂ ਨੇ ''ਕੰਜਰੀ ਵਾਲਾ'' ਕੰਮ ਕੀਤਾ ਸੀ (ਹੋਸ਼ੇਆ 1:2)।

ਇਸਰਾਏਲ ''ਵਾਲੀਆਂ ਅਤੇ ਗਹਿਣਿਆਂ ਨਾਲ ਸੱਜ ਕੇ ਆਪਣੇ ਧਗੜਿਆਂ ਦੇ ਪਿੱਛੇ ਗਈ , ਪਰ ਮੈਨੂੰ ਭੁੱਲ ਗਈ'' (ਹੋਸ਼ੇਆ 2:13)। ਉਸਨੇ ''ਵਿਭਚਾਰਨ ਔਰਤ'' (ਹਿਜ਼ਕੀਏਲ 16:32) ਵਾਲੇ ਕੰਮ ਕੀਤੇ ''ਜੋ ਇਕ ਬੇਲੱਜ ਜ਼ਾਨੀ ਤੀਵੀ'' ਕਰਦੀ ਹੈ (ਹਿਜ਼ਕੀਏਲ 16:30)। ਹੇ ਇਸਰਾਏਲ ਤੂੰ ਸਿਰਫ਼ ''ਇਸ ਗੱਲ ਵਿਚ ਵੱਖਰੀ ਹੈਂ'' (ਹਿਜ਼ਕੀਏਲ 16:34) ਕਿ ਸੁਗਾਤਾਂ ਲੈਣ ਦੀ ਬਜਾਇ

''ਤੂੰ ਆਪਣੇ ਯਾਰਾਂ ਨੂੰ ਸੁਗਾਤਾਂ ਦੇ ਢੋਏ ਦਿੰਦੀ ਹੈਂ'' (ਹਿਜ਼ਕੀਏਲ 16:33)। ਇਸਰਾਏਲ ਇਕ ਅਜਿਹੀ ਔਰਤ ਵਾਂਗ ਬਣ ਗਿਆ, ''ਜਿਹੜੀ ਆਪਣੇ ਪਤੀ ਅਤੇ ਆਪਣੇ ਬੱਚਿਆਂ ਨਾਲ ਘਿਣ ਕਰਦੀ'' (ਹਿਜ਼ਕੀਏਲ 16:45) ਅਤੇ ਵਿਭਚਾਰਣ ਤੀਵੀਂ ਸੀ (ਹਿਜ਼ਕੀਏਲ 16:38)।

*ਇਸਰਾਏਲ ਸੁਧਰਿਆ।* ਸ਼ਰ੍ਹਾ ਮੁਤਾਬਕ ਪਤੀ ਨੂੰ ਕਿਸੇ ਹੋਰ ਦੀ ਪਤਨੀ ਬਣ ਜਾਣ ਵਾਲੀ ਬੇਵਫ਼ਾ ਔਰਤ ਨੂੰ ਅਪਣਾਉਣ ਦੀ ਮਨਾਹੀ ਸੀ (ਵਿਵਸਥਾਸਾਰ 24:1-4), ਪਰ ਇਸਰਾਏਲ ਦੇ ਪਤੀ ਨੇ ਬੇਨਤੀ ਕੀਤੀ ਕਿ ''... ਮੇਰੇ ਕੋਲ ਮੁੜ ਆ'' (ਯਿਰਮਿਯਾਹ 3:1; KJV)। ਉਸਨੇ ਮਿੰਨਤ ਕੀਤੀ, ''... ਮੁੜ ਆ, ਕਿਉਂਕਿ ਮੈਂ ਤੁਹਾਡਾ ਮਾਲਿਕ ਹਾਂ'' (ਯਿਰਮਿਯਾਹ 3:14)। ਇਸਰਾਏਲ ਦਾ ਪਤੀ ਖ਼ੁਦਾ, ਅਜੇ ਵੀ ਆਪਣੀ ਬੇਵਫ਼ਾ ਪਤਨੀ ਨਾਲ ਪਿਆਰ ਕਰਦਾ ਸੀ (ਹੋਸ਼ੇਆ 2:14)। ਉਹਨੇ ਉਹਦੇ ਦਿਲ ਨਾਲ ਗੱਲ ਕਰਕੇ ਇਕ ਨਵੀਂ ਪੇਸ਼ਕਸ਼ ਕੀਤੀ, ''ਜਿਵੇਂ ਆਪਣੀ ਜੁਆਨੀ ਦੇ ਦਿਨ ਵਿਚ ਅਤੇ ਜਿਵੇਂ ਉਸ ਸਮੇਂ ਜਦ ਉਹ ਮਿਸਰ ਦੇਸ਼ ਤੋਂ ਉਤਾਹਾਂ ਆਈ'' (ਹੋਸ਼ੇਆ 2:15)। ਇਸ ਨਵੇਂ ਵਿਆਹ ਦੀ ਪੇਸ਼ਕਸ਼ ਦੀ ਬੁਨਿਆਦ ਪਹਿਲਾਂ ਨਾਲੋਂ ਮਜ਼ਬੂਤ ਹੈ:

> ਮੈਂ ਤੈਨੂੰ ਸਦਾ ਲਈ ਆਪਣੀ ਮੰਗੇਤਰ ਬਣਾਵਾਂਗਾ!
> ਹਾਂ ਧਰਮ, ਇਨਸਾਫ਼, ਦਿਆ ਅਤੇ ਰਹਿਮ ਨਾਲ
> ਮੈਂ ਤੈਨੂੰ ਆਪਣੀ ਮੰਗੇਤਰ ਬਣਾਵਾਂਗਾ।
> ਮੈਂ ਤੈਨੂੰ ਵਫ਼ਾਦਾਰੀ ਨਾਲ ਆਪਣੀ ਮੰਗੇਤਰ ਬਣਾਵਾਂਗਾ
> ਅਤੇ ਤੂੰ ਯਹੋਵਾਹ ਨੂੰ ਜਾਣੇਂਗੀ (ਹੋਸ਼ੇਆ 2:19, 20)।

ਖ਼ੁਦਾ ਨੇ ਕਿਹਾ ਕਿ ''ਉਸ ਦਿਨ ਤੂੰ ਮੈਨੂੰ ਈਸ਼ੀ ਭਾਵ ਮੇਰਾ ਪਤੀ ਆਖੇਂਗੀ'' (ਹੋਸ਼ੇਆ 2:16)।

*ਦਿਲ ਨੂੰ ਲੱਗਣ ਵਾਲੀ ਉਦਾਹਰਣ।* ਹੋਸ਼ੇਆ ਦੀ ਕਿਤਾਬ ਦੀ ਬੇਹੱਦ ਸੰਭਾਵਿਤ ਵਿਆਖਿਆ ਇਹ ਹੈ ਕਿ ਖ਼ੁਦਾ (ਹੋਸ਼ੇਆ ਦੀ ਨੁਮਾਇੰਦਗੀ ਵਿਚ) ਇਕ ਧੋਖਾ ਖਾਧਾ ਪਤੀ ਸੀ, ਜਿਸਨੂੰ ਉਸਦੇ ਮਨ ਮੁਤਾਬਕ ਪਤਨੀ (ਜਿਸਦੀ ਨੁਮਾਇੰਦਗੀ ਗੋਮੇਰ ਕਰਦੀ ਹੈ) ਨਹੀਂ ਮਿਲੀ ਸੀ। ਜੇ ਇਹ ਵਿਆਖਿਆ ਸਹੀ ਹੈ ਤਾਂ ਹੋਸ਼ੇਆ ਨੇ ਸ਼ੁਰੂ 'ਚ ਨਿਹਕਲੰਕ ਪਤਨੀ ਨਾਲ ਵਿਆਹ ਕੀਤਾ ਸੀ, ਜਿਵੇਂ ਖ਼ੁਦਾ ਨੇ ਇਸਰਾਏਲ ਨਾਲ। ਹੌਲੀ-ਹੌਲੀ ਇਸਰਾਏਲ ਵਾਂਗ ਗੋਮੇਰ ਬੇਵਫ਼ਾ ਹੋ ਗਈ, ਇੱਥੋਂ ਤਕ ਕਿ ਉਸਨੇ ਛਨਾਲਪੁਣੇ ਵਿਚ ਬੱਚਿਆਂ ਨੂੰ ਜਨਮ ਦਿੱਤਾ। ਐਨਾ ਵਿਭਚਾਰੀ ਵਰਤਾਉ ਹੋਣ ਦੇ ਬਾਵਜੂਦ ਹੋਸ਼ੇਆ ਆਪਣੀ ਪਿਆਰੀ ਗੋਮੇਰ ਦੇ ਵਾਪਸ ਆਉਣ 'ਤੇ ਉਸਨੂੰ ਰੱਖਣ ਲਈ ਤਿਆਰ ਸੀ। ਬਹੁਤੇ ਪਤੀ ਪਤਨੀ ਨਾਲ ਐਨਾ ਪਿਆਰ ਨਹੀਂ ਕਰਦੇ ਜਿੰਨਾ ਹੋਸ਼ੇਆ ਕਰਦਾ ਸੀ। ਸ਼ਰ੍ਹਾ ਮੁਤਾਬਕ ਉਹ ਗੋਮੇਰ ਨੂੰ ਤਲਾਕ ਦੇ ਸਕਦਾ ਸੀ ਜਾਂ ਉਸ ਨੂੰ ਪੱਥਰ ਮਰਵਾ ਕੇ ਮਰਵਾ ਸਕਦਾ ਸੀ (ਵੇਖੋ ਵਿਵਸਥਾਸਾਰ 22:22; 24:1)। ਇਸਕੇ ਉਲਟ ਉਸ ਨੇ ਆਪਣੀ ਮਹਿਬੂਬਾ ਨੂੰ ਬਚਾਉਣ ਦੀਆਂ ਗੱਲਾਂ ਕੀਤੀਆਂ।

ਗੋਮੇਰ ਨੇ ਹੋਸ਼ੇਆ ਦੀ ਬੇਨਤੀ ਮੰਨ ਲਈ ਅਤੇ ਉਸ ਕੋਲ ਵਾਪਸ ਆ ਗਈ ਪਰ ਦੂਜੀ ਵਾਰ ਫੇਰ ਉਹ ਹੋਰ ਆਸ਼ਕਾਂ ਦੀ ਭਾਲ ਕਰਦੀ ਭਟਕ ਗਈ। ਹੋਸ਼ੇਆ 3:2 ਵਿਚ ਪਤਾ ਲਗਦਾ ਹੈ ਕਿ ਗੋਮੇਰ ਵਿਚ ਆਸ਼ਕਾਂ ਨੂੰ ਖਿੱਚਣ ਦੀ ਸ਼ਕਤੀ ਘਟ ਗਈ ਸੀ ਜਿਸ ਕਰਕੇ ਨਿਰਾਸ਼ ਹੋ ਕੇ ਉਸਨੇ ਪੇਟ ਭਰਨ ਅਤੇ ਆਸਰਾ ਲੈਣ ਲਈ ਆਪਣੇ ਆਪ ਨੂੰ ਗੋਲੀ ਦੇ ਰੂਪ ਵਿਚ ਵੇਚ ਦਿੱਤਾ। ਹੋਸ਼ੇਆ ਅਜੇ ਵੀ ਬੇਵਫ਼ਾ ਗੋਮੇਰ ਨਾਲ ਪਿਆਰ ਕਰਦਾ ਸੀ। ਉਹਨੇ ਉਸਨੂੰ ਗ਼ੁਲਾਮੀ 'ਚੋਂ ਕੱਢਣ ਲਈ ਉਸਨੂੰ ਮੁੱਲ ਲੈਣ ਦੀ ਇੱਛਾ ਕੀਤੀ। ਉਸਦੇ ਕੋਲ਼ ਅੱਧੀ ਕੀਮਤ ਭਾਵ ਚਾਂਦੀ ਦੇ ਪੰਦਰਾਂ ਸ਼ੇਕੇਲ ਹੀ ਸਨ (ਵੇਖੋ ਕੂਚ 21:32), ਪਰ ਜੋ ਉਸ ਕੋਲ ਹੋਮੇਰ ਅਤੇ ਅੱਧੇ ਜੌਂ ਸਨ, ਜੋ ਚਾਂਦੀ ਨਾਲ ਮਿਲਾ ਕੇ ਗੋਮੇਰ ਨੂੰ ਅਜ਼ਾਦ ਕਰਵਾਉਣ ਲਈ ਕਾਫ਼ੀ ਸਨ। ਗੋਮੇਰ ਨਾਲ ਸੱਚਾ ਅਤੇ ਦਿਲੋਂ ਪਿਆਰ ਕਰਨ ਵਾਲਾ ਹੋਸ਼ੇਆ, ਬੇਈਮਾਨ

ਇਸਰਾਏਲ ਨਾਲ ਖ਼ੁਦਾ ਦੇ ਗਹਿਰੇ ਅਤੇ ਸੱਚੇ ਪਿਆਰ ਦੀ ਮੂੰਹ ਬੋਲਦੀ ਤਸਵੀਰ ਹੈ।

**ਕਲੀਸੀਆ**

ਜਿਵੇਂ ਪੁਰਾਣੇ ਨੇਮ ਵਿਚ ਇਸਰਾਏਲ ਖ਼ੁਦਾ ਨਾਲ ਵਿਆਹਿਆ ਹੋਇਆ ਵਿਖਾਇਆ ਗਿਆ ਹੈ, ਉਵੇਂ ਹੀ ਨਵੇਂ ਨੇਮ ਵਿਚ ਕਲੀਸੀਆ ਨੂੰ ਵਿਖਾਇਆ ਗਿਆ ਹੈ। ਮਸੀਹ ਨੂੰ ਬੇਹੱਦ ਪਿਆਰ ਕਰਨ ਵਾਲੇ ਅਤੇ ਐਨੇ ਹੀ ਮਜ਼ਬੂਤ ਸ਼ਖ਼ਸ ਦੇ ਰੂਪ ਵਿਚ ਵਿਖਾਇਆ ਗਿਆ ਹੈ ਜੋ ਆਪਣੀ ਲਾੜੀ ਭਾਵ ਜਲਾਲੀ ਕਲੀਸੀਆ ਨੂੰ ਬਿਨਾ ਦਾਗ਼ ਅਤੇ ਧੱਬੇ ਦੇ ਖਰੀਦਣ ਲਈ ਆਪਣਾ ਸਭ ਕੁਝ ਤਿਆਗ ਦਿੰਦਾ ਹੈ।

ਨਵੇਂ ਨੇਮ ਵਿਚ ਪਤੀ ਦੇ ਰੂਪ ਵਿਚ ਮਸੀਹ ਦੇ ਦੋ ਪਹਿਲੂ ਹਨ। ਇਕ ਵਿਚ ਉਹ ਪਿਆਰ ਦੀ ਮੰਗ ਕਰਨ ਵਾਲਾ ਪ੍ਰੇਮੀ ਹੈ ਜਿਸ ਦੇ ਪਿਆਰ ਨੂੰ ਕਿਸੇ ਪਾਪੀ ਦੇ ਉਸ ਵਿਚ ਬਪਤਿਸਮਾ ਲੈਣ ਸਮੇਂ ਕਬੂਲ ਕਰ ਲਿਆ ਜਾਂਦਾ ਹੈ (ਪ੍ਰਕਾਸ਼ ਦੀ ਪੋਥੀ 19:7-9)। ਇਸ ਮਿਸਾਲ ਦੇ ਅਨੁਸਾਰ, ਬਪਤਿਸਮਾ ਯਿਸੂ ਦੀ ਪੇਸ਼ਕਸ਼ ਨੂੰ ਮੰਨ ਲੈਣਾ ਅਤੇ ਵਿਆਹ ਲਈ ਮੰਗਣੀ ਦੀ ਨਿਸ਼ਾਨੀ ਹੈ। ਮਸੀਹੀ ਆਦਮੀ ਦੀ ਪੂਰੀ ਜ਼ਿੰਦਗੀ (ਧਾਰਮਿਕਤਾ ਦੇ ਲਿਬਾਸ ਵਿਚ) ਵਿਆਹ ਦੇ ਦਿਨ ਦੀ ਤਿਆਰੀ ਕਰਨਾ ਹੈ, ਜਦ ਲੇਲੇ ਦੇ ਵਿਆਹ ਦੇ ਵਕਤ ਉਸਦੀ ਮੰਗੇਤਰ ਆਪਣੇ ਆਪ ਨੂੰ ਤਿਆਰ ਪਾਏਗੀ। ਫਿਰ ਵਿਆਹ ਦੇ ਬਾਅਦ ਉਹ ਸੁਰਗ ਵਿਚ ਸਦਾ ਹੀ ਆਨੰਦ ਵਿਚ ਰਹਿਣਗੇ।

ਪਤੀ ਦੇ ਰੂਪ ਵਿਚ ਮਸੀਹ ਦੀ ਦੂਜੀ ਉਦਾਹਰਣ ਵਿਚ, ਬਪਤਿਸਮੇ ਵੇਲੇ ਇਕ ਪਾਪੀ ਦਾ ਵਿਆਹ ਯਿਸੂ ਨਾਲ ਹੋ ਜਾਂਦਾ ਹੈ (ਅਫ਼ਸੀਆਂ 5:22-32; ਰੋਮੀਆਂ 7:4)। ਫਿਰ ਉਸ ਮਸੀਹੀ ਦਾ ਕੰਮ ਹੈ ਕਿ ਬੇਦਾਗ਼ ਅਤੇ ਨਿਹਕਲੰਕ ਰਹਿ ਕੇ ਇਕ ਚੰਗੀ ਪਤਨੀ ਦੇ ਰੂਪ ਵਿਚ ਜ਼ਿੰਦਗੀ ਕੱਟੇ।

*ਈਸ਼* ਅਰਥਾਤ ''ਪਤੀ'' ਰੂਪ ਵਿਚ ਖ਼ੁਦਾ ਦੀ ਮਿਸਾਲ ਯਕੀਨਨ ਬਾਈਬਲ ਵਿਚ ਸਭ ਤੋਂ ਵੱਧ ਉਤਸ਼ਾਹ ਦੇਣ ਵਾਲੀ ਹੈ, ਜਿਸ ਨੂੰ ਪਵਿੱਤਰ ਆਤਮਾ ਨੇ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਪਾਇਆ ਹੈ।

## "ਮੁਕਤੀਦਾਤਾ''

ਬਾਬੁਲ ਵਿਚ ਪਰਦੇਸੀ, ਉਦਾਸ ਅਤੇ ਨਿਰਾਸ਼ ਯਹੂਦੀ ਯਸਾਯਾਹ ਦੀ ਪੋਥੀ ਪੜ੍ਹ ਕੇ ਕਿੰਨੇ ਰੁਮਾਂਚਿਤ ਹੋਏ ਹੋਣਗੇ ਕਿ ਖ਼ੁਦਾ ਉਨ੍ਹਾਂ ਦਾ ਮੋਸ਼ਿਆ ਅਰਥਾਤ ਮੁਕਤੀਦਾਤਾ ਹੋਵੇਗਾ। ਖ਼ੁਦਾ ਨੇ ਆਪਣੇ ਲੋਕਾਂ ਨੂੰ ਗ਼ੁਲਾਮੀ ਤੋਂ ਛੁਡਾਉਣ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਿਚ ਬਹਾਲ ਕਰਨ ਦਾ ਵਾਅਦਾ ਦਿੱਤਾ ਸੀ। ਯਸਾਯਾਹ 43:3-7 ਕਹਿੰਦਾ ਹੈ:

> ਮੈਂ ਤਾਂ ਯਹੋਵਾਹ ਤੇਰਾ ਖ਼ੁਦਾ ਹਾਂ,
> ਇਸਰਾਏਲ ਦਾ ਪਵਿੱਤਰ ਪੁਰਖ, ਤੇਰਾ ਬਚਾਉਣ ਵਾਲਾ ਹਾਂ,
> ..................................................
> ਤੂੰ ਮੇਰੇ ਪੁੱਤਰਾਂ ਨੂੰ ਦੂਰ ਤੋਂ ਲਿਆ,
> ਅਤੇ ਮੇਰੀਆਂ ਧੀਆਂ ਨੂੰ ਧਰਤੀ ਦੀ ਹੱਦ ਤੋਂ
> ਹਰੇਕ ਜੋ ਮੇਰੇ ਨਾਂਅ ਤੋਂ ਸਦਾਉਂਦਾ ਹੈ
> ਜਿਸਨੂੰ ਮੈਂ ਪ੍ਰਤਾਪ ਲਈ ਉਤਪੰਨ ਕੀਤਾ,
> ਜਿਹਨੂੰ ਮੈਂ ਬਣਾਇਆ।

ਖ਼ੁਦਾ ਬਾਪ ਨੇ ਜੋ ਸੁਰਗ ਦੀਆਂ ਸਭ ਯੋਜਨਾਵਾਂ ਵਿਚ ਯਿਸੂ ਦੇ ਨਾਲ ਸੀ, ਯਿਸੂ ਦੇ ਰਾਹੀਂ ਬਾਬੁਲ ਵਿਚ ਯਹੂਦੀਆਂ ਵਿਚ *ਮੋਸ਼ਿਆ* ਦੇ ਤੌਰ 'ਤੇ ਆਪਣਾ ਕੰਮ ਕੀਤਾ ਸੀ। ਯਿਸੂ ਅਖਵਾਉਣ ਤੋਂ

ਬਹੁਤ ਚਿਰ ਪਹਿਲਾਂ ਭਵਿੱਖਬਾਣੀ ਕੀਤੀ ਗਈ ਸੀ ਕਿ ਉਹ ''ਯਾਕੂਬ ਦੀਆਂ ਗੋਤਰਾਂ ਨੂੰ ਉਠਾਉਣ ਦੇ ਲਈ'' ''ਇਸਰਾਏਲ ਦਿਆਂ ਬਚਿਆਂ ਹੋਇਆਂ ਨੂੰ ਮੋੜ'' ਲਿਆਏਗਾ (ਯਸਾਯਾਹ 49:6)। ਯਿਸੂ ਨੇ ਇਹ ਪੇਸ਼ਨਗੋਈ ਪੂਰੀ ਕੀਤੀ, ਜਦ ਉਹਨੇ ''ਫ਼ਾਰਸ ਦੇ ਬਾਦਸ਼ਾਹ ... ਦਾ ਮਨ ਪ੍ਰੇਰਿਆ ਕਿ ਆਪਣੇ ਰਾਜ ਵਿਚ ਇਕ ਡੌਂਡੀ ਪਿਟਵਾਏ'' (ਅਜ਼ਰਾ 1:1) ਜਿਸ ਤੋਂ ਯਹੂਦੀਆਂ ਨੂੰ ਆਪਣੇ ਦੇਸ਼ ਪਰਤ ਜਾਣ ਦੀ ਆਗਿਆ ਮਿਲੇ।

ਖ਼ੁਦਾ ਨੇ *ਮੌਸ਼ਿਆ* ਦੇ ਰੂਪ ਵਿਚ ਯਿਸੂ ਦੇ ਰਾਹੀਂ ਯਹੂਦੀਆਂ ਨੂੰ ਵਿਦੇਸ਼ੀ ਗੁਲਾਮੀ 'ਚੋਂ ਹੀ ਨਹੀਂ ਬੁਲਾਇਆ ਬਲਕਿ ਉਸ ਤੋਂ ਵਧਕੇ ਰੂਹਾਨੀ ਰਾਹ ਦੀ ਭਵਿੱਖਬਾਣੀ ਵੀ ਕੀਤੀ ਕਿ ਉਹ ਗ਼ੈਰਕੌਮਾਂ ਨੂੰ ਪਾਪ ਦੇ ਹਨੇਰੇ ਤੋਂ ਬਚਾਵੇਗਾ। ਖ਼ੁਦਾ ਨੇ ਯਿਸੂ ਨੂੰ ਆਖਿਆ, ''ਮੈਂ ਤੈਨੂੰ ਕੌਮਾਂ ਲਈ ਜੋਤ ਠਹਿਰਵਾਂਗਾ, ਕਿ ਮੇਰੀ ਮੁਕਤੀ ਧਰਤੀ ਦੀਆਂ ਹੱਦਾਂ ਤੀਕ ਅੱਪੜੇ'' (ਯਸਾਯਾਹ 49:6)। ਇਸ ਅਨੋਖੀ ਯੋਜਨਾ ਨੂੰ ਪੂਰਾ ਕਰਨ ਲਈ ਖ਼ੁਦਾ ਨੇ ਮਰੀਅਮ ਤੋਂ ਜਨਮ ਦੇ ਰਾਹੀਂ ਮਨੁੱਖ ਦਾ ਰੂਪ ਧਾਰਿਆ ਸੀ। ਮਿਸ਼ਨ ਦੀ ਉਸਦੀ ਨਬੂਵਤ ਦੇ ਅਨੁਸਾਰ ਉਸਦਾ ਨਾਂਅ ਯਿਸੂ ਅਰਥਾਤ ਬਚਾਉਣ ਵਾਲਾ ਸੀ, ਕਿਉਂਕਿ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਣ ਲਈ ਆਇਆ ਸੀ।

ਦੇਹ ਵਿਚ ਖ਼ੁਦਾ ਭਾਵ ਮਸੀਹ ਵਿਚ ਖ਼ੁਦਾ ਬਾਬੁਲ ਵਿਚ ਪੂਰੇ ਹੋਏ ਆਪਣੇ ਪਿਛਲੇ ਮਿਸ਼ਨ ਤੋਂ ਕਿਤੇ ਵੱਧ ਅਹਿਮੀਅਤ ਵਾਲੇ ਮਿਸ਼ਨ ਲਈ ਬੈਤਲਹਮ ਵਿਚ ਆਇਆ ਸੀ। *ਮੌਸ਼ਿਆ* ਦੇ ਰੂਪ ਵਿਚ ਖ਼ੁਦਾ, ਯਿਸੂ ਦੇ ਰੂਪ ਵਿਚ ਪਾਪ ਨਾਲ ਭਰੇ ਹੋਏ ਦੋਸ਼ ਦੇ ਬੰਧਨ ਤੋਂ ਲੋਕਾਂ ਨੂੰ ਛੁਡਾਉਣ ਆਇਆ ਸੀ। ਖ਼ੁਦਾਈ ਇੰਤਜ਼ਾਮ ਅਤੇ ਭਵਿੱਖਬਾਣੀਆਂ ਦੇ ਅਨੁਸਾਰ ਮੁਕਤੀਦਾਤੇ ਦੇ ਤੌਰ 'ਤੇ ਖ਼ੁਦਾ ਦਾ ਕੰਮ ਯਹੂਦੀਆਂ ਤੋਂ ਅੱਗੇ ਨਿੱਕਲ ਜਾਣਾ ਸੀ। ਉਸਦੇ ਲਈ ਹੱਦਾਂ ਵਿਚ ਰਹਿਣਾ ''ਹਲਕੀ ਜਿਹੀ ਗੱਲ'' ਹੋਣੀ ਸੀ (ਯਸਾਯਾਹ 49:6) ਅਤੇ ਖ਼ੁਦਾ ਦੇ ਪ੍ਰੇਮ ਦੀ ਲੰਬਾਈ ਅਤੇ ਚੌੜਾਈ ਅਤੇ ਡੂੰਘਾਈ ਅਤੇ ਉਚਾਈ ਦੇ ਵਿਸਤਾਰ ਤੋਂ ਬਹੁਤ ਹੀ ਘੱਟ ਹੋਣੀ ਸੀ। ਸਚਮੁਚ ਹੀ ਕੁਰਨੇਲੀਅਸ ਦੇ ਘਰਾਣੇ ਤੋਂ ਲੈ ਕੇ ਕੌਮਾਂ ਉਸਦੇ ''ਧਰਮ ਅਤੇ ਸਭ ਰਾਜੇ ਉਸਦੀ ਸ਼ਾਨ'' ਨੂੰ ਵੇਖਣਾ ਸੀ (ਯਸਾਯਾਹ 62:2) ਅਤੇ ਮੁਕਤੀ ਦੇ ਆਨੰਦ ਵਿਚ ਖੁਸ਼ੀ ਮਨਾਉਣੀਆਂ ਸਨ।

ਸਿੱਟਾ ਇਹ ਹੈ ਕਿ *ਮੌਸ਼ਿਆ*, ਯਿਸੂ ਅਰਥਾਤ ਮੁਕਤੀਦਾਤਾ ਅਤੇ ਖ਼ੁਦਾ ਇਕ ਚੋਟੀ ਅਤੇ ਸਿਖਰ ਤਕ ਪਹੁੰਚ ਚੁਕਿਆ ਹੈ ਅਤੇ ਮਸੀਹ ਦੇ ਨਾਂਅ ਤੇ ਹਰ ਗੋਡਾ ਨਿਵਾਉਣਾ ਚਾਹੀਦਾ ਹੈ ਅਤੇ ਖ਼ੁਦਾ ਦੀ ਤਾਰੀਫ਼ ਲਈ ਹਰ ਜ਼ਬਾਨ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਯਿਸੂ ਹੀ ਪ੍ਰਭੂ ਹੈ (ਵੇਖੋ ਫ਼ਿਲਿੱਪੀਆਂ 2:10, 11)।

## ਸਾਰ

ਖ਼ੁਦਾ ਆਪਣੇ ਲੋਕਾਂ ਵੱਲੋਂ ਕੰਮ ਕਰਦਾ ਹੈ। ਉਹ ਉਨ੍ਹਾਂ ਦਾ ਨਿਆਈਂ, ਉਨ੍ਹਾਂ ਦਾ ਅੱਯਾਲੀ ਅਤੇ ਉਨ੍ਹਾਂ ਦਾ ਰਾਜਾ ਹੈ। ਛੁਡਾਉਣ ਵਾਲੇ ਪਿਤਾ ਦੇ ਰੂਪ ਵਿਚ ਉਸਦੀਆਂ ਭੂਮਿਕਾਵਾਂ ਵਿਚ ਉਨ੍ਹਾਂ ਲਈ ਉਨ੍ਹਾਂ ਦੀ ਚਿੰਤਾ ਅਤੇ ਸੰਭਾਲ ਸਾਫ਼ ਨਜ਼ਰ ਆਉਂਦੀ ਹੈ। ਹੁਕਮ ਮੰਨਣ ਵਾਲਿਆਂ ਨਾਲ ਉਨ੍ਹਾਂ ਦਾ ਸੰਬੰਧ ਐਨਾ ਨਿੱਜੀ ਹੈ ਜਿਵੇਂ ਇਕ ਆਦਮੀ ਦਾ ਪਤਨੀ ਨਾਲ ਹੋਵੇ: ਇਸਦਾ ਕਾਰਣ ਖ਼ੁਦਾ ਦਾ ਆਪਣੇ ਮਗਰ ਚੱਲਣ ਵਾਲਿਆਂ ਦੇ ਪਤੀ ਦੇ ਰੂਪ ਵਿਚ ਚਿਤਰਣ ਕੀਤਾ ਹੈ। ਨਾਲੇ ਉਹ ਉਨ੍ਹਾਂ ਦਾ ਬਚਾਉਣ ਵਾਲਾ ਹੈ ਜੋ ਉਨ੍ਹਾਂ ਨੂੰ ਮੁਸੀਬਤ 'ਚੋਂ ਬਾਹਰ ਕੱਢਦਾ ਹੈ।

ਖ਼ੁਦਾ ਦੇ ਨਾਲ ਨਿੱਤ ਚੱਲਣ ਲਈ ਸਾਨੂੰ ਚਾਹੀਦਾ ਹੈ, ਅਸੀਂ ਉਸਨੂੰ ਆਪਣੀ ਰਹਿਨੁਮਾਈ ਕਰਨ ਵਾਲੇ, ਸੰਭਾਲ ਕਰਨ ਵਾਲੇ ਅਤੇ ਨਿਗਾਹਬਾਨੀ ਕਰਨ ਵਾਲੇ ਦੇ ਰੂਪ ਵਿਚ ਵੇਖੀਏ। ਇੱਕੋ ਸੱਚਾ ਖ਼ੁਦਾ ਸਾਡੀ ਹਰ ਲੋੜ ਨੂੰ ਪੂਰਾ ਕਰ ਸਕਦਾ ਹੈ।

ਟਿੱਪਣੀਆਂ

[1]ਇਹ ਇਲਜ਼ਾਮ ਕਿ ਨਵੇਂ ਨੇਮ ਵਾਲਾ ਪਿਤਾ/ਖ਼ੁਦਾ ਪੁਰਾਣੇ ਨੇਮ ਵਾਲੇ ਯਹੋਵਾਹ/ਖ਼ੁਦਾ ਦਾ ਬਹੁਤ ਵੱਡਾ ਸੁਧਾਰ ਹੈ, ਜ਼ਬੂਰ 68:5; 89:26; 103:13, 14; ਕਹਾਉਤਾਂ 3:12; ਯਸਾਯਾਹ 43:6; 63:16; 64:8; ਯਿਰਮਿਯਾਹ 31:9; ਅਤੇ ਹੋਸ਼ੇਆ 1:10 ਸਹਿਤ ਪੁਰਾਣੇ ਨੇਮ ਦੀਆਂ ਬਹੁਤ ਸਾਰੀਆਂ ਆਇਤਾਂ ਨੂੰ ਅੱਖੋਂ ਓਹਲੇ ਨਹੀਂ ਕਰਦਾ ਹੈ। [2]ਸਾਡੇ ਲਈ ਮੁਹੱਈਆ ਕਰਵਾਉਣ ਦੀ ਖ਼ੁਦਾ ਦੀ ਇੱਛਾ ਲਈ ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਯਸਾਯਾਹ: ਪ੍ਰਭੂ'' ਵਿਚ ਵੇਖੋ।

## ''ਦਾਸ''

*ਏਬੇਦ* ਅਰਥਾਤ ''ਦਾਸ'' ਦੀ ਵਰਤੋਂ ਖ਼ੁਦਾ ਨੇ ਸਭ ਤੋਂ ਪਹਿਲਾਂ ਇਸਰਾਏਲ ਲਈ ਕੀਤੀ ਸੀ। ਇਸ ਕੌਮ ਦੇ ਲੋਕ ਖ਼ੁਦਾ ਦੇ ਲੋਕ ਸਨ, ਅਬਰਾਹਾਮ ਵਾਂਗ ਵਿਸ਼ਵਾਸ ਕਰਦੇ ਸਨ, ਜਿਨ੍ਹਾਂ ਨੂੰ ਮਸੀਹ ਦੇ ਆਉਣ ਦਾ ਜ਼ਰ੍ਹੀਆ ਬਣਨ ਲਈ ਚੁਣਿਆ ਗਿਆ ਸੀ। ਖ਼ੁਦਾ ਦੀ ਨਜ਼ਰ ਵਿਚ ਇਸਰਾਏਲ ਭਾਵ ਉਸਦਾ ਏਬੇਦ ਅਜ਼ੀਜ਼ ਅਤੇ ਬੇਸ਼ਕੀਮਤੀ ਸੀ (ਯਸਾਯਾਹ 43:4); ਫਿਰ ਵੀ ਇਸ ਦਾਸ ਨੇ ਬੋਲਾ ਅਤੇ ਅੰਨ੍ਹਾ ਹੋ ਕੇ ਖ਼ੁਦਾ ਨੂੰ ਨਿਰਾਸ਼ ਕੀਤਾ (ਯਸਾਯਾਹ 42:19)। ਲੋਕਾਂ ਨੇ ਆਪਣੇ ਬਲ ਅਤੇ ਸ਼ਕਤੀ ਬੇਕਾਰ (ਯਸਾਯਾਹ 49:4) ਅਤੇ ਪਾਪ ਕਰਨ ਵਿਚ ਗੁਆ ਦਿੱਤੀ (ਯਸਾਯਾਹ 44:21, 22)। ਉਨ੍ਹਾਂ ਨੂੰ ਕੀੜੇ ਆਖਿਆ ਜਾਣ ਲੱਗਾ (ਯਸਾਯਾਹ 41:14)।

ਇਹੀ ਕਾਰਣ ਸੀ ਕਿ ਖ਼ੁਦਾ ਨੇ ਇਕ ਨਵੇਂ *ਏਬੇਦ* (ਯਸਾਯਾਹ 42:1) ਨੂੰ ਚੁਣਿਆ, ਜਿਸ ਤੋਂ ਉਸਦਾ ਮਨ ਖੁਸ਼ ਹੋਇਆ ਸੀ। ਦਾਸ ਦੇ ਰੂਪ ਵਿਚ ਉਸਦਾ ਕੰਮ ਦੂਜੇ *ਏਬੇਦ* ਅਰਥਾਤ ਇਸਰਾਏਲ ਨੂੰ ਛੁਡਾਉਣ ਅਤੇ ਉਸਦਾ ਪਾਪ ਚੁੱਕ ਲੈਣਾ ਸੀ। *ਏਬੇਦ* ਨੇ ਇਸਰਾਏਲ ਦੀ ਮਦਦ ਕਰਨ ਤਕ ਹੀ ਸੀਮਿਤ ਨਹੀਂ ਹੋਣਾ ਸੀ ਭਾਵ ਉਹਨੇ ਗ਼ੈਰਕੌਮਾਂ ਤਕ ਵੀ ਖ਼ੁਦਾ ਦੀ ਧਾਰਮਿਕਤਾ (ਯਸਾਯਾਹ 49:1) ਅਤੇ ਧਰਤੀ ਦੇ ਬੰਨਿਆਂ ਤਕ ਮੁਕਤੀ ਲੈ ਜਾਣੀ ਸੀ (ਯਸਾਯਾਹ 49:6)। ਇਸ ਸਿੱਧ ਏਬੇਦ ਨੇ ਬੁੱਧ ਨਾਲ ਕੰਮ ਕਰਨਾ ਸੀ (ਯਸਾਯਾਹ 42:4; 52:13) ਅਤੇ ਕਦੇ ਨਾਕਾਮ ਜਾਂ ਨਿਰਾਸ਼ ਨਹੀਂ ਹੋਣਾ ਸੀ। ਉਸਨੇ ਪਾਪ ਦਾ ਬੋਝ ਆਪਣੇ ਉੱਤੇ ਲੈ ਲੈਣਾ ਸੀ (ਯਸਾਯਾਹ 53:5, 6)।

ਇਹ ਆਦਰਸ਼ *ਏਬੇਦ* ਸੁਰਗ ਵਿਚ ਰਹਿੰਦਾ ਸੀ ਅਤੇ ਖ਼ੁਦਾ ਦੇ ਸੁਭਾਅ ਵਾਲਾ ਸੀ ਭਾਵ ਉਹ ਖ਼ੁਦਾ ਸੀ (ਯੂਹੰਨਾ 1:1)। ਪਰ ਖ਼ੁਦਾ ਦੇ ਏਬੇਦ ਬਣਨ ਨਾਲ ਉਸਨੇ ਆਪਣੀ ਸੁਰਗੀ ਸਥਿਤੀ ਫੜ੍ਹੀ ਨਹੀਂ ਰੱਖੀ, ਬਲਕਿ ਆਪਣੇ ਆਪ ਨੂੰ ਦਾਸ ਦੇ ਰੂਪ ਵਿਚ ਬਹੁਤ ਹੀ ਛੋਟਾ ਕਰ ਲਿਆ ਸੀ (ਫ਼ਿਲਿੱਪੀਆਂ 2:6, 7)। ਧਰਤੀ 'ਤੇ ਉਹ ਸਭ ਦਾਸਾਂ ਵਿੱਚੋਂ ਸਭ ਤੋਂ ਛੋਟਾ ਬਣ ਗਿਆ, ਜੋ ਸੇਵਾ ਕਰਵਾਉਣ ਨਹੀਂ ਬਲਕਿ ਸੇਵਾ ਕਰਨ ਲਈ ਆਇਆ ਸੀ (ਮੱਤੀ 20:25-28)। ਉਹ ਸਾਡਾ ਏਬੇਦ ਸ਼ਕਲ-ਓ-ਸੂਰਤ ਵਿਚ ਹੀ ਨਹੀਂ ਸਗੋਂ ਦਿਲੋਂ ਵੀ ਬਣਿਆ। ਉਹਨੂੰ ਗੰਦੇ ਪੈਰ ਧੋਣ ਲਈ ਨੀਵਾਂ ਜਾਂ ਛੋਟਾ ਨਹੀਂ ਕੀਤਾ ਗਿਆ ਸੀ, ਪਰ ਪਾਪ ਚੁੱਕਣ ਵਾਲੇ ਦੇ ਰੂਪ ਵਿਚ ਉਹ ਨੀਚ,ਘਟੀਆ ਤੋਂ ਘਟੀਆ ਸੇਵਾ ਤੋਂ ਕਿਤੇ ਛੋਟੀ ਸੀ। ਸਲੀਬ 'ਤੇ ਲਟਕ ਰਹੇ ਉਸਦੀ ਦੇਹ ਸੁੰਗੜ ਗਈ ਸੀ। ਪਰ ਉਸਦੀ ਆਤਮਾ ਉਸਦੇ ਸਰੀਰ ਤੋਂ ਕਿਤੇ ਸ਼ਕਤੀਸ਼ਾਲੀ ਸੀ। ਸੱਚੀ ਸੇਵਾ ਦੇ ਸਾਰ ਦੇ ਰੂਪ ਵਿਚ, ਬੇਝਿਜਕ, ''ਪੁੱਤਰ ਹੋਣ ਤੇ ਉਹਨੇ ਦੁੱਖ ਸਹਿ-ਸਹਿ ਕੇ ਹੁਕਮ ਮੰਨਣਾ ਸਿੱਖ ਲਿਆ ਸੀ'' (ਇਬਰਾਨੀਆਂ 5:8, 9)।

ਸਲੀਬ 'ਤੇ ਉਸਦੇ ਪਿਤਾ ਨੇ ਯਿਸੂ ਦੀ ਜਾਨ ਦਾ ਦੁੱਖ ਵੇਖਿਆ, ਜੋ ਮੌਤ ਦੇ ਕਾਰਣ ਦੁਖੀ ਸੀ। ਖ਼ੁਦਾ ਨੇ ਆਖਿਆ ਕਿ ਸੰਸਾਰ ਦੇ ਪਾਪਾਂ ਦਾ ਮੁੱਲ ਭਰਨ ਲਈ ਐਨਾ ਦੁੱਖ ਕਾਫ਼ੀ ਸੀ। ਖ਼ੁਦਾ ਨੇ ਉਸਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਦਾਸਾਂ ਵਿਚ ਸਭ ਤੋਂ ਛੋਟੇ ਦਾਸ ਨੂੰ ਉਹ ਨਾਂਅ ਦੇ ਕੇ ਜੋ ਸਭ ਨਾਵਾਂ ਤੋਂ ਉੱਪਰ ਹੈ, ਸੁਰਗ ਵਿਚ ਜਲਾਲੀ ਤਖ਼ਤ ਤੇ ਉੱਚਾ ਕੀਤਾ। ਸਾਡਾ ਏਬੇਦ ਯਿਸੂ ਖ਼ੁਦਾ ਦਾ ਅਤੇ ਸਭ

ਮਨੁੱਖਾਂ ਦਾ ਸੇਵਕ ਬਣ ਕੇ ਧਰਤੀ 'ਤੇ ਆਇਆ ਸੀ ਪਰ ਅਖ਼ੀਰ ਵਿਚ ਉਸਨੂੰ ਸੰਸਾਰ ਵਿਚ ਸਭ ਤੋਂ ਉੱਚਾ ਥਾਂ ਦਿੱਤਾ ਗਿਆ ਸੀ। ਸੇਵਾ ਕਰਕੇ ਉਹ ਵੱਡਾ ਬਣਿਆ।

## *ਏਲ ਰੋਈ*: ''ਖ਼ੁਦਾ ਜੋ ਵੇਖਦਾ ਹੈ''

ਆਪਣੀ ਮਾਲਕਣ ਸਾਰਈ ਤੋਂ ਭੱਜ ਕੇ ਮਿਸਰੀ ਗੋਲ੍ਹੀ ਹਾਜਰਾ ਦੀ ਇਹ ਜਾਣ ਕੇ ਖੁਸ਼ੀ ਦੀ ਹੱਦ ਨਾ ਰਹੀ ਕਿ ਖ਼ੁਦਾ ਨੇ ਉਹਦੀ ਹਿਫ਼ਾਜ਼ਤ ਕੀਤੀ। ਜਦ ਉਹਨੂੰ ਲੱਗਾ ਕਿ ਉਹ ਇਕੱਲੀ ਹੈ ਤਾਂ ਖ਼ੁਦਾ ਨੇ ਉਸਦੀ ਤਰਸਯੋਗ ਹਾਲਤ ਵੇਖੀ (ਉਤਪਤ 16)।

ਜਦ ਖ਼ੁਦਾ (ਜਾਂ ਖ਼ੁਦਾ ਦਾ ਖ਼ਾਸ ਨੁਮਾਇੰਦਾ ਜੋ ਖ਼ੁਦਾ ਵੱਲੋਂ ਗੱਲ ਕਰ ਸਕਦਾ ਸੀ) ਨੇ ਗੱਲ ਕੀਤੀ ਤਾਂ ਉਹਨੇ ਹੈਰਾਨ ਹੋ ਕੇ ਉਹਨੂੰ ਏਲ ਰੋਈ ਆਖਿਆ ਜਿਸ 'ਤੋਂ ਭਾਵ ਹੈ, ''ਖ਼ੁਦਾ ਜੋ ਵੇਖਦਾ ਹੈ'' (ਉਤਪਤ 16:13)। ਖ਼ੁਦਾ ਨੂੰ ''ਸ਼ਕਤੀਸ਼ਾਲੀ'' ਦੱਸਣ ਵਾਲੇ ਸ਼ਬਦ ਨੂੰ ਵਰਤ ਕੇ ਉਹਨੇ ਖ਼ੁਦਾ ਬਾਰੇ ਤਿੰਨ ਦਾਅਵੇ ਕੀਤੇ ਕਿ ਉਹ ਸ਼ਕਤੀਸ਼ਾਲੀ ਹੈ; ਉਹ ਵੇਖਦਾ ਹੈ ਅਤੇ ਉਹ ਨਿਰਾਸ਼ ਹੋ ਗਏ ਅਤੇ ਪਰੇਸ਼ਾਨ ਲੋਕਾਂ ਦੀ ਹਿਫ਼ਾਜ਼ਤ ਕਰਦਾ ਹੈ।

## *ਹਈ ਰੋਈ*: ''ਉਹ ਜ਼ਿੰਦਾ ਜੋ ਮੈਨੂੰ ਵੇਖਦਾ ਹੈ''

ਉਤਪਤ 16:14 ਵਿਚ ਅਸੀਂ ਹਾਜਰਾ ਵੱਲੋਂ ਖ਼ੁਦਾ ਲਈ ਵਰਤੇ ਗਏ ਸ਼ਬਦ ਵਿਚ ਮਾਮੂਲੀ ਜਿਹਾ ਫ਼ਰਕ ਵੇਖਦੇ ਹਾਂ: ਹਈ ਰੋਈ ਭਾਵ ''ਜ਼ਿੰਦਾ ਜੋ ਮੈਨੂੰ ਵੇਖਦਾ ਹੈ।'' ਖ਼ੁਦਾ ਦੇ ਫ਼ਰਿਸ਼ਤੇ ਵੱਲੋਂ ਗੱਲ ਕਰਨ ਵੇਲੇ ਹਾਜਰਾ ਜੋ ਰਾਹ ਵਿਚ ਪੈਂਦੇ ਚਸ਼ਮੇ ਦੇ ਕੋਲ ਸੀ, ਲੱਗਦਾ ਹੈ ਕਿ ਓਸੇ ਚਸ਼ਮੇ ਦਾ ਨਾਂਅ ''ਹਈ ਰੋਈ ਦਾ ਖੂਹ'' ਰੱਖਿਆ ਗਿਆ ਸੀ। ਖ਼ੁਦਾ ਦੀ ਹਾਜਰਾ ਦੀ ਵਿਆਖਿਆ ਵਿਚ ਇਕ ਵਾਧੂ ਵਿਚਾਰ ਜੋੜ ਦਿੱਤਾ ਸੀ ਕਿ ਖ਼ੁਦਾ ਜ਼ਬਰਦਸਤ ਹੈ ਜਿਸਨੇ ਉਹਨੂੰ ਵੇਖਿਆ ਅਤੇ ਕਿਸੇ ਨੇ ਉਸ ਖੂਹ ਦਾ ਨਾਂਅ ਰੱਖ ਕੇ ਇਹ ਜੋੜ ਲਿਆ ਕਿ ਉਹ ਜ਼ਿੰਦਾ ਹੈ।